# ਓਪਨ ਐਂਡ ਡਿਸਟੈਂਸ ਲਰਨਿੰਗ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਐਡ. ਭਾਗ ਦੂਜਾ ਸਮੈਸਟਰ ਚੌਥਾ

ਪੇਪਰ : ਵੀਂਹ (ਸਮਿੰਲਨ ਸਕੂਲ) ਯੂਨਿਟ : 1

ਮੀਡੀਅਮ : ਪੰਜਾਬੀ

ਪਾਠ ਨੰ.

**1.1** : ਸੰਮਿਲਨ ਸਿੱਖਿਆਂ: ਧਾਰਨਾ, ਅਰਥ ਅਤੇ ਮਹੱਤਤਾ

**1.2** : ਸੰਮਿਲਨ ਸਿੱਖਿਆਂ 'ਚ ਪੜਾਉਣ ਦੀਆਂ ਕਲਾਂਵਾ

**1.3** : ਪੜ੍ਹਾਉਣ ਦੀਆਂ ਕਲਾਵਾਂ: ਮਲਟੀਸੈਨਸਰੀ ਲਰਨਿੰਗ ਅਤੇ ਸੋਸ਼ਲ ਲਰਨਿੰਗ

***Department website : www.pbidde.org***

**ਪਾਠ ਨੰ: 1.1** **ਲੇਖਿਕਾ: ਡਾ.ਸ਼ਰਮੀਲਾ**

## ਸੰਮਿਲਨ ਸਿੱਖਿਆ: ਧਾਰਨਾ, ਅਰਥ ਅਤੇ ਮਹੱਤਤਾ

**ਪਾਠ ਦੀ ਬਣਤਰ**

1.1 ਉਦੇਸ਼
1.2 ਭੂਮਿਕਾ
1.3 ਸੰਮਿਲਨ ਸਕੂਲ (ਇਨਕਲੂਸਿਵ) ਸਿੱਖਿਆ ਦੀ ਧਾਰਨਾ
1.4 ਸੰਮਿਲਨ ਸਿੱਖਿਆ ਦਾ ਅਰਥ
1.5 ਸੰਮਿਲਨ ਸਿੱਖਿਆ ਦੀ ਮਹੱਤਤਾ
1.6 ਵਿਸ਼ੇਸ਼,ਅਨੁਕੂਲਨ ਅਤੇ ਸੰਮਿਲਨ ਸਿੱਖਿਆ ਦੇ ਵਿਚਕਾਰ ਅੰਤਰ
1.7 ਸਾਰਾਂਸ਼
1.8 ਸੁਝਾਵੇਂ ਪ੍ਰਸ਼ਨ
1.9 ਸੁਝਾਊ ਸਮੱਗਰੀ

### 1.1 ਉਦੇਸ਼

**ਇਸ ਪਾਠ ਨੂੰ ਪੜਨ ਉਪਰੰਤ ਸਿੱਖਿਆਰਥੀ:**

1 ਸੰਮਿਲਨ ਸਿੱਖਿਆ ਦੀ ਧਾਰਨਾ ਬਾਰੇ ਜਾਣ ਸਕਣਗੇ।
2 ਸੰਮਿਲਨ ਸਿੱਖਿਆ ਦੇ ਅਰਥ ਦੀ ਮਹੱਤਤਾ ਬਾਰੇ ਵਿਸਥਾਰ ਚ ਦਸ ਸਕਣਗੇ।
4 ਵਿਸ਼ੇਸ਼ ਅਨੁਕੂਲਨ ਅਤੇ ਸੰਮਿਲਨ ਸਿੱਖਿਆ ਵਿਚਕਾਰ ਅੰਤਰ ਸਥਾਪਿਤ ਕਰ ਸਕਣਗੇ।

### 1.1 ਭੂਮਿਕਾ

ਸੰਮਿਲਨ ਸਿੱਖਿਆ ਤੋਂ ਇਹ ਭਾਹ ਹੈ ਜਿੱਥੇ ਸਾਰੇ ਹੀ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਅਯੋਗਤਾਵਾ ਦੇ ਬਾਵਜੂਦ ਇੱਕ ਹੀ ਸ਼੍ਰੇਣੀ ਵਿਚ ਪੜਨ ਦੀ ਅਤੇ ਸਕੂਲ ਦੇ ਸਾਰੇ ਪੱਖਾਂ ਵਿਚ ਭਾਗ ਲੈਣ ਦੀ ਖੁੱਲ ਹੋਵੇ। ਸਿੱਖਿਆ ਦਾ ਇਹ ਉਦੇਸ਼ ਹੈ ਕਿ ਬੱਚਿਆਂ ਦੇ ਗਿਆਨ,ਕੌਸ਼ਲਾ ਅਤੇ ਸੂਚਨਾ ਤੱਕ ਪਹੁੰਚ ਪ੍ਰਾਪਤ ਹੋ ਸਕੇ,ਜਿਸ ਨਾਲ ਉਹ ਭਾਰਤੀ ਸਮਾਜ ਅਤੇ ਕੰਮ ਦੀ ਜਗ੍ਹਾਂ ਵਿਚ ਆਪਣਾ ਯੋਗਦਾਨ ਦੇ ਸਕਦੇ ਹਨ। ਸਕੂਲਾਂ ਨੂੰ ਵੱਖ-ਵੱਖ ਪਿਛੋਕੜਾਂ ਅਤੇ ਯੋਗਤਾਵਾਂ ਦੇ ਬੱਚਿਆਂ ਲਈ ਮਾਫ਼ਿਕ ਬਣਾਉਣ ਲਈ ਸਿੱਖਿਆ ਦਾ ਮੁੱਖ ਉਦੇਸ਼ ਹੋਰ ਵੀ ਚੁਨੌਤੀ ਵਾਲਾ ਹੋ ਜਾਂਦਾ ਹੈ।

ਚੰਗੇ ਅਤੇ ਜ਼ਿਆਦਾ ਸੰਮਿਲਨ ਸਕੂਲਾਂ ਦੀ ਸਿਰਜਨਾ ਕਰਨ ਲਈ ਸਿਖਿਅਕਾਂ, ਮਾਤਾ-ਪਿਤਾ ਅਤੇ ਸਮਾਜਿਕ ਲੀਡਰਾਂ ਦੇ ਯੋਗਦਾਨ ਅਤੇ ਸਹਿਯੋਗ ਦੀ ਵਧੇਰੇ ਲੋੜ ਹੈ ਜਿਸ ਨਾਲ ਅਸੀ ਆਉਣ ਵਾਲੀਆਂ ਚੁਨੌਤੀਆਂ ਦਾ ਸਾਮਣਾ ਕਰ ਸਕਦੇ ਹਾਂ।

1980 ਦੇ ਦਹਾਕੇ 'ਚ ਯੂ.ਐਸ.ਏ (USA) 'ਚ ਸੰਸਾਰ ਦੇ ਸਿੱਖਿਅਕਾਂ ਨੇ ਇਕ ਪਹਿਲ ਕੀਤੀ ਜਿਸ 'ਚ ਉਹਨਾਂ ਨੂੰ ਇਹ ਅਨੁਮਾਨ ਹੋਇਆ ਕਿ ਸਿੱਖਿਆ ਦੇ ਦੋ ਭਾਗੀ ਕਰਨ ਵਾਲੀ ਪ੍ਰਕ੍ਰਿਤੀ ਜਿਵੇਂ ਕਿ ਜਨਰਲ ਸਿੱਖਿਆ ਅਤੇ ਵਿਸ਼ੇਸ਼ ਸਿੱਖਿਆ ਵਾਲੀ ਪ੍ਰਣਾਲੀ ਬੱਚਿਆ ਅਤੇ ਸਮਾਜ ਲਈ ਨੁਕਸਾਨਦੇਹ ਹੈ। ਇਹ ਘੱਟ ਕੀਮਤ 'ਤੇ ਪ੍ਰਭਾਵਸ਼ਾਲੀ ਵੀ ਨਹੀ ਹੈ ਇਸ ਨਾਲ ਬੱਚੇ ਆਪਣੇ ਦੋਸਤਾਂ ਅਤੇ ਘਰ ਵਾਲਿਆਂ ਤੋਂ ਦੂਰ ਹੋ ਜਾਂਦੇ ਹਨ।


## 1.3 ਸੰਮਿਲਨ ਸਿੱਖਿਆ ਦੀ ਧਾਰਨਾ (Concept of Inclusive Education)

ਸੰਮਿਲਨ ਸਿੱਖਿਆ ਨਿਮਨਲਿਖਿਤ ਸਿਧਾਂਤਾ ਉੱਤੇ ਆਧਾਰਿਤ ਹੈ ਜਿਵੇਂ ਕਿ ਨੈਤਿਕ, ਸਮਾਜਿਕ, ਵਿਦਿਅਕ ਅਤੇ ਆਰਥਿਕ ਸਿਧਾਂਤ। ਇਸ ਦੇ ਨਾਲ ਅਸੀ ਸਾਰੇ ਹੀ ਬੱਚਿਆ ਨੂੰ ਬਿਨ੍ਹਾਂ ਕਿਸੇ ਭੇਦਭਾਵ ਉੱਚ ਦਰਜੇ ਦੀ ਵਧੀਆ ਸਿੱਖਿਆ ਪ੍ਰਦਾਨ ਕਰ ਸਕਦੇ ਹਾਂ।ਸੰਮਿਲਨ ਦਾ ਉਦੇਸ਼ ਅਨੁਕੂਲਨ ਸਿੱਖਿਆਂ ਦੇ ਉਦੇਸ਼ ਨਾਲੋਂ ਜ਼ਿਆਦਾ ਫੈਲਿਆ ਹੋਇਆ ਹੈ।

ਸੀ.ਆਰ.ਪੀ.ਡੀ ਦੀ ਧਾਰਾ 24 ਅਨੁਸਾਰ "ਹਰ ਪੱਧਰ ਤੇ ਇਕ ਸੰਮਿਲਨ ਸਿੱਖਿਆ ਪ੍ਰਣਾਲੀ ਦਾ ਹੋਣਾ ਕੁਝ ਫਰਜਾਂ ਨੂੰ ਤਹਿ ਕਰਦੀ ਹੈ ਕਿ:

- ਗੁਣਾਤਮਕ ਅਤੇ ਪ੍ਰਾਥਮਿਕ ਸਿੱਖਿਆ ਮੁਫਤ ਦੇਣ ਦਾ ਏਲਾਨ ਕਰਦੀ ਹੈ।
- ਉਚਿਤ ਰਹਿਣ ਦੀ ਥਾਂ।
- ਪ੍ਰਭਾਵਸ਼ਾਲੀ ਵਿਅਕਤਿਕਤਾ ਵਾਲੀਆ ਯੋਜਨਾਵਾਂ।
- ਗੁਣੀ ਅਧਿਆਪਕ।

### ਸਕੂਲ ਦੀਆਂ ਕਿਸਮਾਂ:–




ਸੰਮਿਲਨ ਤੋਂ ਭਾਵ ਹੈ ਇਹੋ ਜਿਹੇ ਵਾਤਾਵਰਨ ਦੀ ਸਿਰਜਨਾ ਕਰਨਾ, ਜਿਸ ਵਿਚ ਖਾਸ ਜ਼ਰੂਰਤਾਂ ਅਤੇ ਸਾਧਾਰਨ ਬੱਚੇ ਇੱਕ ਜੁੱਟ ਹੋ ਕੇ ਰੋਜਾਨਾ ਜੀਵਨ ਦੀ ਗਤੀਵਿਧਿਆਂ ਰੱਲ ਕੇ ਕਰਨ ਦੇ ਨਾਲ ਹੱਸ ਖੇਡ ਵੀ ਸਕਣ।

ਸਫ਼ਲ ਬਣਾਉਣ ਲਈ ਸਾਰੀ ਹੀ ਸਿੱਖਿਅਕ ਅਜੈਂਨਸੀਆ, ਅਧਿਆਪਕਾਂ,ਪਰਿਵਾਰਾਂ,ਐਨ ਜੀ ਓ (NGO) ਅਤੇ ਸਾਰੇ ਹੀ ਸਮਾਜ 'ਚ ਸੰਮਿਲਨ ਸਿੱਖਿਆ ਨੂੰ ਲੈ ਕੇ ਇੱਕ ਜੋਸ਼ ਹੋਣਾ ਜਰੂਰੀ ਹੈ।

ਸੰਮਿਲਨ ਸਿੱਖਿਆ ਦੀ ਧਾਰਨਾ ਤੋਂ ਦੋ ਤਰ੍ਹਾਂ ਦੀਆ ਸ਼ਾਖਾ ਉਤਪੰਨ ਹੁੰਦੀਆਂ ਹਨ ਜਿਵੇਂ ਕਿ ਮੇਨਸਟ੍ਰੀਮਿੰਗ ਅਤੇ ਪੂਰੀ ਤਰ੍ਹਾਂ ਸੰਮਿਲਨ। ਮੇਨਸਟ੍ਰੀਮਿੰਗ ਤੋਂ ਮਤਲਬ ਹੈ ਉਹ ਪ੍ਰਕ੍ਰਿਆ ਜਿਸ ਵਿਚ ਸਾਧਾਰਨ ਸ਼੍ਰੇਣੀ 'ਚ ਪੜਨ ਲਈ ਖਾਸ ਜਰੂਰਤਾਂ ਵਾਲੇ ਬੱਚਿਆ ਨੂੰ ਆਪਣੀ ਯੋਗਤਾ ਦੇ ਆਧਾਰ ਤੇ ਹੀ ਸ਼ਾਮਿਲ ਹੋਣ ਦਾ ਮੌਕਾ ਦਿੱਤਾ ਜਾਵੇਗਾ।

ਪੂਰੀ ਤਰ੍ਹਾਂ ਸੰਮਿਲਨ ਵਿੱਖੇ ਖਾਸ ਜਰੂਰਤਾਂ ਵਾਲੇ ਬੱਚਿਆ ਨੂੰ ਬਿਨ੍ਹਾਂ ਕਿਸੇ ਇਮਤਿਹਾਨ ਸਾਧਾਰਨ ਕਲਾਸਰੂਮ ਵਿਚ ਦਾਖਲਾ ਮਿਲ ਜਾਂਦਾ ਹੈ।

## 1.4 ਸੰਮਿਲਨ ਸਿੱਖਿਆ ਦਾ ਅਰਥ (Meaning of Inclusive Education)

ਸਾਧਾਰਨ ਸਕੂਲਾਂ ਦਾ ਇਸ ਸੰਮਿਲਨ ਸਿੱਖਿਆ ਚ ਪਰਿਵਰਤਨ ਹੋਣ ਲਈ, ਇੱਕ ਬਹੁਤ ਹੀ ਵਧੀਆ ਕਦਮ ਹੈ। ਜਿਸ ਨਾਲ ਅਸੀ ਵਿਤਕਰੇ ਵਾਲੇ ਦ੍ਰਿਸ਼ਟੀਕੌਣ ਪ੍ਰਤੀ ਸੰਘਰਸ਼ ਅਤੇ ਸੰਮਿਲਨ ਸਮਾਜ ਦੀ ਸਿਰਜਣਾ ਕਰਕੇ ਐਜੂਕੇਸ਼ਨ ਫੌਰ ਆੱਲ (EFA) ਦੇ ਉਦੇਸ਼ ਨੂੰ ਵੀ ਪੂਰਾ ਕਰ ਸਕਦੇ ਹਾਂ। ਇਸ ਦੇ ਫਲਸਵਰੂਪ ਅਸੀ ਸਾਰੇ ਹੀ ਵਿਦਿਆਰਥੀਆਂ ਨੂੰ ਪ੍ਰਭਾਵਸ਼ਾਲੀ ਸਿੱਖਿਆ ਦੇ ਕੇ ਉਨ੍ਹਾਂ ਨੂੰ ਸਮਾਜ 'ਚ ਆਪਣਾ ਯੋਗਦਾਨ ਦੇਣ ਦੇ ਕਾਬਿਲ ਬਨ੍ਹਾਂ ਸਕਦੇ ਹਾਂ। ਇਸ ਸਾਰੀ ਪ੍ਰਕਿਰਿਆ ਨਾਲ ਅਸੀ ਸਾਰੇ ਹੀ ਵਿਦਿਅਕ ਢਾਂਚੇ ਨੂੰ ਕੀਮਤ ਵਲੋਂ ਪ੍ਰਭਾਵ ਪੂਰਨ ਬਨਾਉਣ 'ਚ ਜਿੱਤ ਹਾਸਿਲ ਕਰ ਲਵਾਂਗੇ।

ਸੰਮਿਲਨ ਸਿੱਖਿਆ ਦੀਆ ਕੁੱਝ ਪਰਿਭਾਸ਼ਾਵਾਂ ਇਸ ਪ੍ਰਕਾਰ ਹਨ:

- **ਯੂਨੈਸਕੋ (UNESCO),1994:** ਯੂਨੈਸਕੋ ਅਨੁਸਾਰ ਅੰਗਹੀਣ ਬੱਚਿਆਂ ਨੂੰ ਧਿਆਨ 'ਚ ਰੱਖਦੇ ਹੋਏ, ਇਹ ਦਰਸਾਇਆ ਗਇਆ ਕਿ ਸੰਮਿਲਨ ਸਕੂਲਾਂ ਦਾ ਵਿਚਾਰ ਸੱਭ ਤੋਂ ਪ੍ਰਭਾਵਸ਼ਾਲੀ ਤਰੀਕਾ ਹੋਵੇਗਾ,ਜਿਸ ਨਬਾਲ ਅਸੀ ਵਿਤਕਰੇ ਵਾਲ ਦ੍ਰਿਸ਼ਟੀਕੋਣ ਅਤੇ ਤਕਨੀਕਾਂ ਦਾ ਵਿਰੋਧ ਕਰ ਸਕਦੇ ਹਾਂ।
- **ਅਨਟੀਆ** ਅਨੁਸਾਰ ਸੰਮਿਲਨ ਤੋਂ ਇਹ ਭਾਵ ਹੈ ਕਿ ਇਕ ਅਯੋਗਤਾ ਵਾਲੇ ਬੱਚੇ ਦਾ ਸਾਧਾਰਨ ਕਲਾਸਰੂਮ 'ਚ ਪੜਨਾ ਅਤੇ ਉਸ ਨੂੰ ਸਾਧਾਰਨ ਸਕੂਲ 'ਚ ਬਿਨ੍ਹਾਂ ਸ਼ਰਤ ਪੂਰੀ ਸੁਵਿਧਾਵਾਂ ਪ੍ਰਦਾਨ ਕਰਨੀਆ ਹੀ ਸੰਮਿਲਨ ਸਿੱਖਿਆ ਕਹਿਲਾਉਂਦਾ ਹੈ।
- **ਨੈਸ਼ਲਨ ਕੌਮਿਸ਼ਨ ਐਡ ਸਪੈਸ਼ਲ ਨੀਡਸ ਇਨ ਐਜੂਕੇਸ਼ਨ ਐਂਡ ਟ੍ਰੇਨਿੰਗ (NCSNET,1997):** ਸੰਮਿਲਨ ਸਿੱਖਿਆ ਇੱਖ ਸਿੱਖਣ ਵਾਲਾ ਵਾਤਾਵਰਨ ਹੈ ਜਿਸ 'ਚ ਸਿੱਖਿਆਰਥੀ ਦੀ ਪਰਸਨਲ , ਅਕਾਦਮਿਕ ਅਤੇ ਵਿਵਸਾਇਕ ਵਿਕਾਸ 'ਚ ਉੱਨਤੀ ਹੁੰਦੀ ਹੈ,ਭਾਵੇਂ ਉਹ ਸਿੱਖਿਆਰਥੀ ਕਿਸੇ ਵੀ ਸ਼੍ਰੇਣੀ,ਲਿੰਗ,ਅਯੋਗਤਾ, ਧਰਮ, ਭਾਸ਼ਾ ਅਤੇ ਸਭਿਆਚਾਰ ਨਾਲ ਸੰਬੰਧ ਰੱਖਦਾ ਹੋਵੇ।
- **ਯੂਨੈਸਕੋ, 2008**: ਯੂਨੈਸਕੋ (UNESCO) ਅਨੁਸਾਰ ਸੰਮਿਲਨ ਵਿਦਿਅਕ ਸਿਸਟਮ ਨੂੰ ਤਾਂ ਹੀ ਬਣਾਇਆ ਜਾ ਸਕਦਾ ਹੈ ਜੇਕਰ ਸਾਧਾਰਨ ਸਕੂਲਾਂ ਨੂੰ ਹੀ ਜਿਆਦਾ ਸੰਮਿਲਨ ਬਣਾਇਆ ਜਾਵੇ। ਹੋਰ ਸ਼ਬਦਾਂ 'ਚ ਅਸੀ ਕਹਿ ਸਕਦੇ ਹਾਂ,ਅਗਰ ਸਾਧਾਰਨ ਸਕੂਲ ਆਪਣੇ ਸਮਾਜ ਦੇ ਸਾਰੇ ਬੱਚਿਆਂ ਨੂੰ ਸਿੱਖਿਆ ਦੇਣ 'ਚ ਬਹਿਤਰ ਬਣ ਜਾਣ।

ਅਸੀ ਸੰਮਿਲਨ ਸਿੱਖਿਆ ਦੇ ਅਰਥ ਨੂੰ ਸਫਲ ਸੰਮਿਲਨ 'ਚ ਮੌਜੂਦ ਤੱਤਾਂ ਨਾਲ ਬਹਿਤਰ ਸਮਝ ਸਕਦੇ ਹਾਂ, ਜਿਵੇਂ ਹੇਠ ਲਿਖੇ ਤੱਤ ਕੁੱਝ ਇਸ ਪ੍ਰਕਾਰ ਹਨ:

| | |
|---|---|
| ਆਈ (I) | Infrastructure |
| ਐਨ (N) | National Level Policies |
| ਸੀ (C) | Capacity Building |
| ਐਲ (L) | Legislation Reforms |

| | |
|---|---|
| ਯੂ (U) | Understanding |
| ਐਸ (S) | Sensitization |
| ਆਈ (I) | Initiative |
| ਔ (O) | Organization |
| ਐਨ(N) | Networking Ventral, State, Govt. and NGO etc |

ਸੰਮਿਲਨ ਇੱਕ ਸਿਧਾਂਤ ਹੋਣ ਦੇ ਨਾਲ-ਨਾਲ ਇੱਕ ਪ੍ਰਕਿਰਿਆ ਵੀ ਹੈ ਜਿਸ ਤੋਂ ਇਹ ਸਾਫ ਪਤਾ ਚੱਲਦਾ ਹੈ ਕਿ ਨਿਕਾਰਕਣ (exclusion) ਨਾ ਸਿਰਫ਼ ਸਿੱਖਿਆ ਤੋਂ ਆਇਆ ਬਲਕਿ ਸਿੱਖਿਆ ਦੇ ਅੰਦਰ ਵੀ ਆਇਆ ਹੈ। ਇਸ ਲਈ ਸੰਮਿਲਨ ਸਿੱਖਿਆ ਲਈ ਵੱਡੇ ਪੱਧਰ ਦੀਆਂ ਨੀਤੀਆਂ ਨਾਲ ਆਵੇਗਾ,ਜਿਸ 'ਚ ਪਾਠਕ੍ਰਮ, ਅਧਿਆਪਨ ਦੀ ਪ੍ਰਕ੍ਰਿਤੀ ਅਤੇ ਸਿੱਖਣ ਦਾ ਵਾਤਾਵਰਣ ਵੀ ਸ਼ਾਮਿਲ ਹਨ।

### 1.5 ਸੰਮਿਲਨ ਸਿੱਖਿਆ ਦੀ ਮਹਤੱਤਾ (Importance of Inclusive Education)

ਸੰਮਿਲਨ ਸਿੱਖਿਆ ਅੱਜ ਦੇ ਭਾਰਤੀ ਸਮਾਜ ਦੀ ਜਰੂਰਤ ਹੈ। ਇਸ ਨਾਲ ਵਿਸ਼ੇਸ਼ ਸਿੱਖਿਆ ਅਨੁਕੂਲਨ ਸਿੱਖਿਆ ਅਤੇ ਸਾਧਾਰਨ ਸਿੱਖਿਆ ਦੇ ਢਾਚੇਂ ਵਿਚਕਾਰ ਮੌਜੂਦ ਅੰਤਰ ਨੂੰ ਖਤਮ ਕੀਤਾ ਜਾ ਸਕਦਾ ਹੈ।ਜਿਵੇਂ ਕਿ:

**1. ਜ਼ਿੰਮੇਦਾਰੀ:-** ਸੰਮਿਲਨ ਸਿੱਖਿਆ ਇਕ ਕੋਸ਼ਿਸ਼ ਹੈ ਜਿਸ ਨਾਲ ਅਸੀ ਜ਼ਿੰਮੇਦਾਰੀ ਨੂੰ ਪੂਰੀ ਕਰ ਸਕਦੇ ਹਾਂ। ਜਿਵੇਂ ਕਿ ਹਰ ਇਕ ਬੱਚੇ ਨੂੰ ਬਰਾਬਰ ਅਧੀਕਾਰ, ਆਪਣੀ ਪਸੰਦ ਦੇ ਸਕੂਲ 'ਚ ਪੜਨ ਦਾ ਹੱਕ ਹੋਵੇ, ਭਾਵੇਂ ਉਹ ਕਿਸੇ ਵੀ ਤਰ੍ਹਾਂ ਦੇ ਸਰੀਰਕ,ਦਿਮਾਗੀ ਅਤੇ ਸਭਿਆਚਾਰਕ ਗੁਣਾਂ 'ਚ ਦੁਸਰਿਆਂ ਤੋਂ ਅਲੱਗ ਹੋਵੇ।

**2. ਸਮਾਜਿਕ ਜ਼ਿੰਮੇਦਾਰੀ:** ਸੰਮਿਲਨ ਸਿੱਖਿਆਂ ਨਾਲ ਸਾਰੇ ਹੀ ਬੱਚੇ ਆਪਣੇ ਸਮਾਜ ਦੀਆਂ ਜਰੂਰਤਾਂ ਪ੍ਰਤੀ ਜਾਣੂ ਹੋਣਗੇ ਅਤੇ ਇਸ ਨਾਲ ਉਹ ਆਉਣ ਵਾਲੇ ਸਮੇਂ 'ਚ ਚੰਗੇ ਨਾਗਰਿਕ ਬਣ ਕੇ ਸਮਾਜ 'ਚ ਆਪਣਾ ਯੋਗਦਾਨ ਦੇ ਸਕਣਗੇ।

**3. ਰਿਸ਼ਤਿਆਂ 'ਚ ਵਾਧਾ:** ਸੰਮਿਲਨ ਸਿੱਖਿਆ ਨਾਲ ਵੱਖ-ਵੱਖ ਪਿਛੋਕੜਾਂ ਅਤੇ ਸਭਿਆਚਾਰ ਵਾਲੇ ਸਿੱਖਿਆਰਥੀ ਇਕ ਦੂਸਰੇ ਨਾਲ ਦੋਸਤੀ ਅਤੇ ਪਿਆਰ ਵਾਲੇ ਰਿਸ਼ਤੇ 'ਚ ਵਾਧਾ ਕਰ ਸਕਦੇ ਹਨ। ਇਸ ਨਾਲ ਉਹਨਾਂ ਨੂੰ ਇਕ ਦੂਸਰੇ ਤੋਂ ਕੁੱਝ ਸਿੱਖ ਕੇ ਤੱਰਕੀ ਵੀ ਪ੍ਰਾਪਤ ਕਰ ਸਕਣਗੇ।

**4. ਸਿੱਖਣ ਦੇ ਸਾਧਨ**: ਜਦੋਂ ਵੱਖ-ਵੱਲ ਤਰ੍ਹਾਂ ਦੀ ਯੋਗਤਾ ਵਾਲੇ ਬੱਚੇ ਹਰ ਤਰ੍ਹਾਂ ਦੇ ਬੱਚਿਆਂ ਨਾਲ ਆਪਣੀ ਕਲਾਸ 'ਚ ਪੜਨਗੇ, ਤਾਂ ਇਸ ਨਾਲ ਉਹਨਾਂ ਦਾ ਮਨੋਬਲ 'ਚ ਵੀ ਵਾਧਾਹੋਵੇਗਾ।

**5. ਸਿੱਖਿਆ ਦੇ ਟੀਚੇ:** ਸੰਮਿਲਨ ਸਿੱਖਿਆ 'ਚ ਹਰ ਬੱਚੇ ਨੂੰ ਧਿਆਨ 'ਚ ਰੱਖਦੇ ਹੋਏ ਕੁੱਝ ਉਦੇਸ਼ ਬਣਾਏ ਜਾਂਦੇ ਹਨ। ਇਸ ਨਾਲ ਸਾਰੇ ਸਿੱਖਿਆਰਥੀ ਆਪਣੀ ਲੋੜ ਅਨੁਸਾਰ ਆਪਣੇ ਉਦੇਸ਼ ਨੂੰ ਜਲਦੀ ਪ੍ਰਾਪਤ ਕਰ ਸਕਦੇ ਹਨ।

**6. ਸਵੈ-ਨਿਰਭਰ:** ਸੰਮਿਲਨ ਸਿੱਖਿਆ ਨਾਲ ਉਹਨਾਂ ਕੋਸ਼ਲਾ ਦਾ ਵਿਕਾਸ ਕੀਤਾ ਜਾਂਦਾ ਹੈ ਜਿਸ ਨਾਲ ਉਹ ਸਵੈ-ਨਿਭਰ ਬਣ ਜਾਣ।

**7. ਵਾਜਬੀ ਦ੍ਰਿਸ਼ਟੀਕੋਣ:** ਸੰਮਿਲਨ ਸਿੱਖਿਆ ਨੂੰ ਵੱਡੇ ਪੱਧਰ ਉੱਤੇ ਲਾਗੂ ਕਰਕੇ ਅਸੀ ਆਉਣ ਵਾਲੀਆ ਪੀੜੀਆਂ 'ਚ ਆਪਣੇ ਸਮਾਜ ਪ੍ਰਤੀ ਵਾਜਬੀ ਦ੍ਰਿਸ਼ਟੀਕੋਣ ਉਤਪਨ ਕਰ ਸਕਦੇ ਹਾਂ।

**8. ਸਿੱਖਿਆਰਥੀ ਦੀ ਵਿਕਾਸ ਪ੍ਰਕ੍ਰਿਆ:** ਸੰਮਿਲਨ ਸਿੱਖਿਆ 'ਚ ਸਿੱਖਿਆਰਥੀ ਨੂੰ ਦੂਸਰੇ ਬੱਚਿਆ ਤੋਂ ਵੱਖਰਾ ਕੀਤੇ ਬਿਨ੍ਹਾਂ ਅਸੀ ਹਰ ਪੱਖੋਂ ਉਸਦਾ ਵਿਕਾਸ ਕਰ ਸਕਦੇ ਹਾਂ।

**9. ਲਚੀਲਾ ਪਾਠਕ੍ਰਮ:** ਸਕੂਲ਼ ਦੇ ਪਾਠਕ੍ਰਮ ਨੂੰ ਕੁੱਝ ਇਸ ਪ੍ਰਕਾਰ ਲਚੀਲਾ ਬਣਾਉਣਾ ਜਿਸ ਨਾਲ ਉਹ ਆਪਣੀ ਸਮਰਥਾ ਅਨੁਸਾਰ ਸਿੱਖ ਸਕਣ।

**10. ਪੱਖਪਾਤ ਵਾਲੀ ਨੀਤੀ:** ਸੰਮਿਲਨ ਸਿੱਖਿਆ ਨਾਲ ਇੱਕ ਦੂਸਰੇ ਪ੍ਰਤੀ ਸਮਾਜਿਕ ਆਰਥਿਕ ਸਭਿਆਚਾਰਕ, ਭਾਸ਼ਾ ਅਤੇ ਅਯੋਗਤਾ ਕਰਕੇ ਪੈਦਾ ਹੋਏ ਇਕਤਰਫ਼ਾ ਝੁਕਾਉ ਦੀ ਨੀਤੀ ਦਾ ਵੀ ਨਾਸ਼ ਹੁੰਦਾ ਹੈ।

**11. ਅਧਿਆਪਕ ਸੰਬੰਧੀ:** ਸੰਮਿਲਨ ਸਿੱਖਿਆ ਨੂੰ ਸਾਧਾਰਨ ਸਕੂਲਾਂ ਨਾਲ ਜੋੜ ਕੇ ਅਸੀ ਅਧਿਆਪਕਾਂ ਦੇ ਦ੍ਰਿਸ਼ਟੀਕੋਣ 'ਚ ਵੀ ਬਦਲਾਉ ਦੇਖ ਸਕਦੇ ਹਾਂ, ਜਿਸ ਨਾਲ ਉਹ ਬੱਚਿਆਂ ਦੀ ਪ੍ਰਤੀ ਸੰਵੇਦਨਸ਼ੀਲ ਹੋ ਜਾਂਦੇ ਹਨ।
**12. ਮਾਤਾ-ਪਿਤਾ ਸੰਬੰਧੀ:** ਸੰਮਿਲਨ ਸਿੱਖਿਆ ਦੇ ਹੋਣ ਨਾਲ ਕਿਸੇ ਵੀ ਤਰ੍ਹਾਂ ਅਯੋਗਤਾ ਵਾਲੇ ਬੱਚਿਆ ਬਾਰੇ ਮਾਤਾ-ਪਿਤਾ ਸੰਬੰਧੀ ਚਿੰਤਾ ਵੀ ਖਤਮ ਹੁੰਦੀ ਨਜ਼ਰ ਆਉਂਦੀ ਹੈ। ਇਸ ਨਾਲ ਮਾਤਾ-ਪਿਤਾ ਵੀ ਆਪਣੇ ਬੱਚੇ ਦੀ ਪੜ੍ਹਾਈ ਅਤੇ ਗਤੀਵਿਧੀਆ 'ਚ ਭਾਗ ਲੈ ਸਕਦੇ ਹਨ।

## 1.6 ਵਿਸ਼ੇਸ਼, ਅਨੁਕੂਲਨ ਅਤੇ ਸੰਮਿਲਨ ਸਿੱਖਿਆ ਦੇ ਵਿਚਕਾਰ ਅੰਤਰ:

**1. ਵਿਸ਼ੇਸ਼ ਸਿੱਖਿਆ:** ਇਸ 'ਚ ਕਿਸੇ ਵੀ ਤਰ੍ਹਾਂ ਦੀ ਅਯੋਗਤਾ ਵਾਲੇ ਲੋਕ ਅਤੇ ਖਾਸ ਜਰੂਰਤਾਂ ਵਾਲੇ ਬੱਚਿਆਂ ਨੂੰ ਵਿਸ਼ੇਸ਼ ਤਰ੍ਹਾਂ ਦੀ ਸਿੱਖਿਆ ਪ੍ਰਣਾਲੀ 'ਚ ਪੜਾਈਆ ਜਾਂਦਾ ਹੈ। ਜਿਸ ਨਾਲ ਉਹਨਾਂ ਨੂੰ ਮਜਬੂਰੀ 'ਚ ਇਕ ਦੂਸਰੇ ਤੋਂ ਵੱਖ ਹੋ ਕੇ ਰਹਿਣਾ ਪੈਂਦਾਹੈ।
ਉਦਾਹਰਣ: ਵਿਸ਼ੇਸ਼ ਸਕੂਲ ਜਾਂ ਕਾਲਜ, ਅੱਲਗ ਜਾ ਕੁੱਝ ਵਿਸ਼ੇਸ਼ ਕੋਰਸ।
**2. ਅਨੁਕੂਲਨ ਸਿੱਖਿਆ:** ਅਨੁਕੂਲਨ ਸਿੱਖਿਆ ਤੋਂ ਭਾਵ ਹੈ ਉਹ ਸਿੱਖਿਆ ਜਿਸ 'ਚ ਅਯੋਗਤਾ ਵਾਲੇ ਬੱਚੇ ਨੂੰ ਸਾਧਾਰਨ ਸਕੂਲ ' ਚ ਹੀ ਪੜਾਇਆ ਜਾਂਦਾ ਹੈ ਪਰ ਅੱਲਗ ਕਲਾਸਰੂਪ ਦੇ ਵਿਚ ਉਸਦਾ ਰਹਿਣਾ ਪਹਿਲਾਂ ਤੋਂ ਹੀ ਨਿਸ਼ਚਿਤ ਹੁੰਦਾ ਹੈ। ਬੱਚੇ ਨੂੰ ਖੁਦ ਆਪਣੇ ਵਾਤਾਵਰਣ ਅਨੁਸਾਰ ਡਾਲਣਾ ਪੈਂਦਾ ਹੈ ਅਤੇ ਇਸ ਪ੍ਰਕਿਰਿਆ 'ਚ ਸਕੂਲੀ ਪ੍ਰਬੰਧਕਾਂ ਦੀ ਬਹੁਤ ਘੱਟ ਸਹਾਇਤਾ ਹੁੰਦੀ ਹੈ। ਬੱਚੇ ਦੀ ਆਪਣੇ ਸਕੂਲ ਦੇ ਸਾਧਾਰਨ ਬੱਚਿਆਂ ਨਾਲ ਕੋਈ ਗੱਲਬਾਤ ਨਹੀ ਹੁੰਦੀ।
**ਉਦਾਹਰਣ:** ਬੱਚੇ ਨੂੰ ਸਕੂਲ 'ਚ ਉਪਸਥਿਤ ਚੀਜਾ ਨਾਲ ਖੁੱਦ ਹੀ ਤਾਲਮੇਲ ਬਣਾਉਣਾ ਪੈਂਦਾ ਹੈ।
**3. ਸੰਮਿਲਨ ਸਿੱਖਿਆ:** ਇਸ ਸਿੱਖਿਆ 'ਚ ਪੂਰਾ ਸਕੂਲ ਹੀ ਸਾਧਾਰਨ ਸਕੂਲ ਨੂੰ ਸੰਮਿਲਨ ਸਕੂਲ ਬਣਾਉਣ ਵਿਚ ਸਹਾਇਕ ਹੁੰਦਾ ਹੈ। ਇਸ 'ਚ ਸਕੂਲ ਆਪਣੀ ਪਹਿਲਾਂ ਤੋਂ ਮੌਜੂਦ ਯੋਗਤਾਵਾਂ ਦਾ ਨਿਰੀਖਣ ਕਰਦਾ ਹੈ। ਇਸਦੇ ਨਤੀਜੇ ਤੋਂ ਹੋਰ ਬਹਿਤਰ ਸੰਮਿਲਨ ਸਿੱਖਿਆ ਦੀ ਸਿਰਜਣਾ ਕਰਦੇ ਹਨ। ਇਸ ਨੂੰ ਲੋਕਲ ਸਿੱਖਿਆ ਪ੍ਰਣਾਲੀਆ,ਮਾਤਾ-ਪਿਤਾ,ਅਯੋਗਤਾ ਅਤੇ ਯੋਗਤਾ ਵਾਲੇ ਬੱਚਿਆਂ ਨਾਲ ਮਿਲਕੇ ਵੀ ਸਿਰਜਿਆ ਜਾ ਸਕਦਾ ਹੈ।ਸੰਮਿਲਨ ਲਈ ਇਕ ਸਿਸਟੇਮੈਟਿਕ ਪ੍ਰਣਾਲੀ ਦਾ ਹੋਣਾ ਜਰੂਰੀ ਹੈ।
**ਉਦਾਹਰਣ:** ਐਜੂਕੇਸ਼ਨ ਫੋਰ ਆੱਲ (Education for all)

## 1.7 ਸਾਰਾਂਸ਼:

ਇਸ ਪਾਠ 'ਚ ਅਸੀ ਸੰਮਿਲਨ ਸਿੱਖਿਆ ਦੀ ਧਾਰਨਾ ,ਅਰਥ,ਮਹੱਤਤਾ ਅਤੇ ਵਿਸ਼ੇਸ਼, ਅਨੁਕੂਲਨ ਅਤੇ ਸੰਮਿਲਨ ਸਿੱਖਿਆਂ ਦੇ ਵਿਚ ਅੰਤਰ ਬਾਰੇ ਵਿਚਾਰ ਵਟਾਂਦਰਾਂ ਕੀਤਾ ਹੈ। ਸੰਮਿਲਨ ਸਿੱਖਿਆ ਇਸ ਚੀਜ ਦੀ ਪ੍ਰਵਾਨਗੀ ਦਿੰਦੀ ਹੈ ਕਿ ਬੱਚੇ ਕੁੱਝ ਸਿੱਖ ਸਕਣ ਅਤੇ ਵੱਖ-ਵੱਖ ਤਰਾਂ ਦੇ ਭੇਦਭਾਵ ਜਿਵੇਂ ਕਿ ਬੱਚਿਆ ਦੀ ਉਮਰ, ਲਿੰਗ, ਭਾਸ਼ਾ, ਅਯੋਗਤਾ, ਐਚ ਆਈ ਵੀ (HIV) ਆਦਿ ਦੀ ਇੱਜਤ ਕਰ ਸਕਣ। ਇਹ ਸੱਭ ਸਾਧਾਰਨ, ਵਿਸ਼ੇਸ਼ ਅਤੇ ਅਨੁਕੂਲਨ ਸਕੂਲਾਂ ਨੂੰ ਸੰਮਿਲਨ ਸਕੂਲਾਂ 'ਚ ਤਬਦੀਲ ਕਰਕੇ ਹੀ ਹਾਸਿਲ ਹੋ ਸਕਦਾ ਹੈ।

## 1.8 ਸੁਝਾਵੇ ਪ੍ਰਸ਼ਨ

1. ਸੰਮਿਲਨ ਸਿੱਖਿਆ ਦੀ ਪਰਿਭਾਸ਼ਾ ਕਰੋ।
2. ਸੰਮਿਲਨ ਸਿੱਖਿਆ ਦੀ ਮਹੱਤਤਾ ਬਾਰੇ ਵਿਚਾਰ ਪੇਸ਼ ਕਰੋ।
3. ਤੁਸੀ ਸਾਧਾਰਨ ਸਕੂਲਾਂ 'ਚ ਕਿਵੇਂ ਸੰਮਿਲਨ ਸਿੱਖਿਆ ਨੂੰ ਸ਼ਾਮਿਲ ਕਰ ਸਕਦੇ ਹੋ।
4. ਵਿਸ਼ੇਸ਼, ਅਨੁਕੂਲਨ ਅਤੇ ਸੰਮਿਲਨ ਸਕੂਲਾਂ 'ਚ ਅੰਤਰ ਬਾਰੇ ਵਿਸਥਾਰ ਚ ਲਿਖੋ।

## 1.9 ਸੁਝਾਓ ਸਾਮਗ੍ਰੀ

Ambrose, S. A., Bridges, M.W., DiPietro, M. & Lovett, M.C. (2010). *How learning works: Seven research-based principles for smart teaching.* San Francisco, CA: Jossey Bass.
Armstrong, M.A. (2011). Small world: Crafting an inclusive classroom (no matter what you teach). *Thought and Action*, Fall, 51-61.hooks, b. (1994). *Teaching to Transgress*. New York, NY: Routledge Press.
Bagree Sunil(2003), Teachers For All: Inclusive Teaching For Children With Disabilities.

Centre for Studies on Inclusive Education (CSIE) (2004a) *Ten Reasons for Inclusion*, http://inclusion.uwe.ac.uk/csie/10rsns.htm (accessed 31 July 2004).

Centre for Studies on Inclusive Education (CSIE) (2004b) *What is Inclusion?*, http://inclusion.uwe.ac.uk/csie/csiefaqs.htm (accessed 17 September 2004).

Kaplan, M. & Miller, A. T. (Eds.). (2007). Special Issue: Scholarship of multicultural teaching and learning. *New Directions for Teaching and Learning*, (111)

Mittler, P. (2000) *Working Towards Inclusive Education: social contexts*, London, David Fulton.

Mangal, S.K.(2009), Educating Exceptional Children: An Introduction, to Special Education to Special Education, PHI Learning Private Limited; New Delhi.

Norwich, B. (2002). Education, inclusion and individual differences: recognising and resolving dilemmas. *British Journal of Educational Studies*, 50(4), 482-502.

NSW Public Education Inquiry. (2002). *Schools, communities and social disadvantage.*

OECD (1999). *Sustaining inclusive education: Including students with special needs in mainstream schools*. Paris: Author

Udvari-Solner, A. & Thousand, J.S. (1996). Creating a responsive curriculum for inclusive schools. *Remedial and Special Education*, 17, 245-254.

United Nations (1975). *Declaration on the Rights of Disabled Persons*. New York: Author.

UNESCO (1994). *The Salamanca Statement and Framework for Action on Special Needs Education*. Paris: Author.

*UNESCO (1996). Learning: The Treasure within, Report to UNESCO of the International Commission on Education for the Twenty-first Century. Paris: UNESCO Publishing.*

UNESCO (1998). *Report of the World Commission on Culture and Development: Our Creative Diversity*. Paris: Author.

UNESCO (2009). *Defining an inclusive education agenda: Reflections around the 48th session of the International Conference on Education*. Geneva: UNESCO IBE.

U.S. Department of Education (2000). *Questions and answers about provisions in the Individuals with Disabilities Education Act amendments of 1997 related to students with disabilities and state and district-wide assessments.* Washington DC: Office of Special Education Programs, Office of Special Education and Rehabilitative Services.

ਪਾਠ ਨੰ: 1.2 ਲੇਖਿਕਾ ਡਾ. ਸ਼ਰਮੀਲਾ ਦੇਵੀ

# ਸੰਮਿਲਨ ਸਿੱਖਿਆ ਚ ਪੜਾਉਣ ਦੀਆਂ ਕਲਾਵਾਂ

**ਪਾਠ ਦੀ ਬਣਤਰ**

2.1 ਉਦੇਸ਼
2.2 ਭੂਮਿਕਾ
2.3 ਸੰਮਿਲਨ ਸਿੱਖਿਆ 'ਚ ਪੜਾਉਣ ਦੀਆਂ ਕਲਾਂਵਾ
2.4 ਵਿਸ਼ੇਸ਼ਤਾਪੂਰਨ ਸਿੱਖਿਆ (Differentiated Instruction)
    2.4.1 ਵਿਸ਼ੇਸ਼ਤਾਪੂਰਨ ਸਿੱਖਿਆ ਦੀ ਉਤਪਤੀ
    2.4.2 ਵਿਸ਼ੇਸ਼ਤਾਪੂਰਨ ਸਿੱਖਿਆ ਦਾ ਅਰਥ
    2.4.3 ਵਿਸ਼ੇਸ਼ਤਾਪੂਰਨ ਸਿੱਖਿਆ ਦੇ ਸਿਧਾਂਤ
    2.4.4 ਵਿਸ਼ੇਸ਼ਤਾਪੂਰਨ ਸਿੱਖਿਆ ਦੇ ਵੱਖ-ਵੱਖ ਢੰਗ
    2.4.5 ਵਿਸ਼ੇਸ਼ਤਾਪੂਰਨ ਸਿੱਖਿਆ ਦੇ ਲਾਭ
2.5 ਕੋਪਰੇਟਿਵ ਸਿੱਖਿਆ (Cooperative learning)
    2.5.1 ਕੋਪਰੇਟਿਵ ਸਿੱਖਿਆ ਦੇ ਲਾਭ
    2.5.2 ਕੋਪਰੇਟਿਵ ਸਿੱਖਿਆ ਦੇ ਸਿਧਾਂਤ
    2.5.3 ਅਧਿਆਪਕ ਦੀ ਭੂਮਿਕਾ
2.6 ਪੀਅਰ ਟੂਟੋਰਿੰਗ (Peer Tutoring)
    2.6.1 ਪੀਅਰ ਟੂਟੋਰਿੰਗ ਦੀਆਂ ਵਿਸ਼ੇਸ਼ਤਾਵਾਂ
    2.6.2 ਪੀਅਰ ਟੂਟੋਰਿੰਗ ਦੀਆਂ ਕਿਸਮਾਂ
    2.6.3 ਪੀਅਰ ਟੂਟੋਰਿੰਗ ਦੇ ਲਾਭ
2.7 ਸਾਰਾਂਸ਼
2.8 ਸੁਝਾਵੇਂ ਪ੍ਰਸ਼ਨ
2.9 ਸੁਝਾਓ ਸਾਮਗ੍ਰੀ

## 2.1 ਉਦੇਸ਼

**ਇਸ ਪਾਠ ਨੂੰ ਪੜਨ ਉਪਰੰਤ ਸਿੱਖਿਆਰਥੀ**

1. ਸੰਮਿਲਨ ਸਿੱਖਿਆ 'ਚ ਪੜਾਉਣ ਦੀਆਂ ਕਲਾਂਵਾ ਬਾਰੇ ਜਾਣ ਸਕਣਗੇ।
2. ਵਿਸ਼ੇਸ਼ਤਾਪੂਰਨ ਸਿੱਖਿਆ ਦੇ ਵੱਖ-ਵੱਖ ਢੰਗਾ ਦੀ ਸੂਚੀ ਬਣਾ ਸਕਣਗੇ।
3. ਪੜਾਉਣ ਦੀਆਂ ਕਲਾਂਵਾ ਬਾਰੇ ਵਿਸਥਾਰ 'ਚ ਦੱਸ ਸਕਣਗੇ।

## 2.2 ਭੂਮਿਕਾ

ਸੰਮਿਲਨ ਸਿੱਖਿਆ 'ਚ ਪੜਾਉਣ ਦੀਆਂ ਕਲਾਂਵਾ ਤੋਂ ਭਾਵ ਹੈ ਕਈ ਪ੍ਰਕਾਰ ਦੀਆਂ ਪੜਾਉਣ ਵਾਲੀਆਂ ਕਲਾਂਵਾ ਜਿਸ ਨਾਲ ਵੱਖ-ਵੱਖ ਪਿਛੋਕੜਾਂ, ਯੋਗਤਾਵਾਂ ਵਾਲੇ ਬੱਚਿਆ ਦੀਆਂ ਜ਼ਰੂਰਤਾ ਨੂੰ ਧਿਆਨ 'ਚ ਰੱਖ ਕੇ

ਪੜਾਇਆ ਜਾਂਦਾ ਹੈ। ਇਨ੍ਹਾਂ ਨਾਲ ਸੰਮਿਲਨ ਸਿੱਖਿਆ ਵਾਲੇ ਵਾਤਾਵਰਨ ਦੀ ਸਿਰਜਣਾ ਹੁੰਦੀ ਹੈ ਅਤੇ ਬੱਚੇ ਆਪਣੇ ਆਪ ਦੀ ਕਦਰ ਕਰਨਾ ਸਿੱਖਦੇ ਹਨ।

ਕਦੇ ਕਦੇ ਸੰਮਿਲਨ ਸਿੱਖਿਆ ਦੇ ਅਧਿਆਪਕਾਂ ਨੂੰ ਪੂਰੀ ਜਮਾਤ, ਛੋਟੇ ਸਮੂਹਾਂ ਅਤੇ ਇਕੱਲੇ ਵਿਦਿਆਰਥੀਆਂ ਨਾਲ ਕੰਮ ਕਰਨਾ ਪੈਂਦਾ ਹੈ। ਅਧਿਆਪਕਾਂ ਨੂੰ ਮੁੱਢਲੇ ਪੱਧਰਾਂ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਕਿਹੜੇ ਵਿਦਿਆਰਥੀਆਂ ਨੂੰ ਹੁਨਰ ਨਿਰਦੇਸ਼ਾ, ਅਭਿਆਸ ਉਪਹਾਰ ਜਾਂ ਸੰਤੁਲਨ ਦੀ ਜ਼ਰੂਰਤ ਹੈ। ਮੁੱਖ ਤੌਰ ਤੇ ਸੰਮਿਲਨ ਸਿੱਖਿਆਂ ’ਚ ਆਮ ਅਤੇ ਵਿਸ਼ੇਸ਼ ਅਧਿਆਪਨ, ਸਟਾਫ ਦੇ ਸਹਿਯੋਗੀ ਵਿਹਾਰ ਨਲ ਸਾਰੇ ਵਿਦਿਆਰਥੀਆਂ ਨੂੰ ਹਰ ਇਕ ਪੱਧਰ ਤੇ ਵਿਦਿਆਰਥੀਆਂ ਤੋਂ ਉਮੀਦ ਰੱਖਣਾ ਅਤੇ ਉਨ੍ਹਾਂ ਦੀ ਤਾਕਤ ਨੂੰ ਨਿਖਰਨਾ ਹੀ ਸੰਮਿਲਨ ਸਿੱਖਿਆਂ ਦੀ ਸਭ ਤੋਂ ਅਹਿਮ ਗੱਲ ਹੈ।

### 2.3 ਸੰਮਿਲਨ ਸਿੱਖਿਆ 'ਚ ਪੜਾਉਣ ਦੀਆਂ ਕਲਾਵਾਂ

ਬੱਚੇ ਦੀਆਂ ਜ਼ਰੂਰਤਾ ਅਨੁਸਾਰ ਕਲਾਸਰੂਮ 'ਚ ਕਈ ਤਰ੍ਹਾਂ ਦੇ ਢੰਗ ਅਪਨਾਏ ਜਾਂਦੇਹਨ, ਪਰ ਕੁੱਝ ਵਿਸ਼ੇਸ਼ ਕਲਾਂਵਾ ਵੀ ਹੁੰਦੀਆ ਹਨ ਜੋ ਕਿ ਹਰ ਤਰ੍ਹਾਂ ਦੀ ਸਥਿਤੀ 'ਚ ਕੰਮ ਆਉਂਦੀਆਂ ਹਨ. ਜਿਵੇਂ ਕਿ:-
ਯੂਨੀਵਰਸਲ ਡੀਜ਼ਾਈਨ ਫੌਰ ਲਰਨਿੰਗ (UDL) ਅਤੇ ਵਿਸ਼ੇਸ਼ਤਾਪੂਰਨ ਸਿੱਖਿਆ (Differentiated Learning)

### 2.4 ਵਿਸ਼ੇਸ਼ਤਾਪੂਰਨ ਸਿੱਖਿਆ (Differentiated Education)

ਵਿਦਿਆਰਥੀ ਵੱਖ-ਵੱਖ ਸਭਿਆਚਾਰ, ਸ਼੍ਰੇਣੀਆਂ, ਭਾਸ਼ਾਵਾਂ, ਲਿੰਗ, ਯੋਗਤਾ/ਅਯੋਗਤਾ ਤੋਂ ਆਉਂਦੇ ਹਨ। ਇਸ ਲਈ ਅਧਿਆਪਕ ਨੂੰ ਵੀ ਇਹਨਾਂ ਕਿਸਮਾਂ ਬਾਰੇ ਜਾਣਕਾਰੀ ਹੋਣਾ ਜਰੂਰੀ ਹੈ।

### 2.4.1 ਵਿਸ਼ੇਸ਼ਤਾਪੂਰਨ ਸਿੱਖਿਆ ਦੀ ਉਤਪਤੀ

ਵਿਸ਼ੇਸ਼ਦਤਾਪੂਰਨ ਸਿੱਖਿਆ ਦੀ ਹੋਂਦ ਬਹੁਤ ਹੀ ਪੁਰਾਣੀ ਹੈ, ਜਿਸ 'ਚ ਇਕ ਕਲਾਸਰੂਮ 'ਚ ਬੈਠੇ ਸਾਰੇ ਵਿਦਿਆਰਥੀਆਂ ਦੀਆਂ ਜ਼ਰੂਰਤਾਂ ਨੂ ਇਕ ਹੀ ਅਧਿਆਪਕ ਰਾਹੀ ਹੱਲ ਕੀਤਾ ਜਾਂਦਾ ਸੀ। ਮੁੱਖ ਤੌਰ ਤੇ ਇਹ ਅਧਿਆਪਨ ਬੱਚਿਆਂ ਦੀਆਂ ਜ਼ਰੂਰਤਾਂ ਉਤੇ ਕੇਂਦ੍ਰਿਤ ਹੈ।

### 2.4.2 ਵਿਸ਼ੇਸ਼ਤਾਪੂਰਨ ਸਿੱਖਿਆ ਦਾ ਅਰਥ

ਇਹ ਸਿੱਖਿਆ ਅਧਿਆਪਨ ਦਾ ਇਕ ਢੰਗ ਹੈ। ਇਸ ਨਾਲ ਅਧਿਆਪਕਾਂ ਦੀ ਇਹ ਜਿੰਮੇਦਾਰੀ ਬਣਦੀ ਹੈ ਕਿ ਉਹ ਆਪਣੇ ਬੱਚਿਆ ਬਾਰੇ ਜਾਣੂ ਹੋਣ ਅਤੇ ਉਸ ਦੇ ਅਨੁਸਾਰ ਹਰ ਇਕ ਵਿਦਿਆਰਥੀ ਨੂੰ ਤਜੁਰਬਾ ਪ੍ਰਦਾਨ ਕਰਨ, ਜਿਸ ਨਾਲ ਉਹਨਾਂ ਦੀ ਪੜਾਈ 'ਚ ਕੁੱਝ ਤਬਦੀਲੀ ਆ ਸਕੇ।

### 2.4.3 ਵਿਸ਼ੇਸ਼ਤਾਪੂਰਨ ਸਿੱਖਿਆ ਦੇ ਸਿਧਾਂਤ

1. ਲਗਾਤਾਰ, ਫੋਰਮੇਟਿਵ ਮੁਲਾਂਕਣ: ਅਧਿਆਪਕਾਂ ਨੂੰ ਲਗਾਤਾਰ ਆਪਣੇ ਬੱਚਿਆਂ ਦੀ ਯੋਗਤਾਵਾਂ ਅਤੇ ਜ਼ਰੂਰਤਾਂ ਬਾਰੇ ਮੁਲਾਂਕਣ ਕਰਦੇ ਰਹਿਣਾ ਚਾਹੀਦਾ ਹੈ, ਤਾਂ ਜੋ ਉਹ ਵਿਦਿਆਰਥੀਆਂ ਦੀ ਸਮੇਂ ਸਿਰ ਮਦਦ ਕਰ ਸਕਣ।
2. ਵਿਭਿੰਨ ਸਿੱਖਿਆਰਥੀਆਂ ਦੀ ਪਹਿਚਾਣ ਕਰਨਾ: ਵਿਦਿਆਰਥੀਆਂ ਦੀ ਵੱਖ-ਵੱਖ ਖੇਤਰਾਂ 'ਚ ਮਾਹਿਰਤਾ ਅਤੇ ਤਜ਼ਰਬਾ ਹੁੰਦਾ ਹੈ ਜਿਵੇਂ ਕਿ ਪੜਨਾ, ਲਿਖਣਾ, ਸੋਚਨਾ, ਬੋਲਣਾ ਅਤੇ ਕਿਸੇ ਵੀ ਮੁਸ਼ਕਿਲਾਂ ਨੂੰ ਹੱਲ ਕਰਨਾ। ਲਗਾਤਾਰ ਮੁਲਾਂਕਣ ਨਾਲ ਅਧਿਆਪਕ ਵਿਦਿਆਰਥੀਆਂ ਦੀਆਂ ਜ਼ਰੂਰਤਾਂ ਅਨੁਸਾਰ ਪਾਠ ਨੂੰ ਬਣਾ ਸਕਦੇ ਹਨ।
3. ਮਿਲ-ਜੁਲ ਕੇ ਕੰਮ ਕਰਨਾ: ਇਸ ਨਾਲ ਵਿਦਿਆਰਥੀ ਰੱਲ-ਮਿਲ , ਵਿਚਾਰ-ਵਟਾਂਦਰਾਂ ਕਰ ਸਕਣਗੇ।
4. ਮੁਸ਼ਕਿਲ ਨੂੰ ਹੱਲ ਕਰਨਾ: ਕਲਾਸਰੂਮ 'ਚ ਕਿਤਾਬ ਦੀ ਥਾਂ ਤੇ ਕਿਸੇ ਮੁੱਦੇ ਜਾਂ ਧਾਰਨਾ ਉੱਤੇ ਧਿਆਨ ਕੇਂਦ੍ਰਿਤ ਕਰਨਾ ਹੈ। ਜਿਸ ਨਾਲ ਬੱਚਿਆਂ ਦੀ ਸੌਚ-ਸ਼ਕਤੀ 'ਚ ਵਾਧਾ ਹੋਵੇਗਾ ਅਤੇ ਇਕ ਮੁਸ਼ਕਿਲ ਦੇ ਅਨੇਕਾਂ ਹੀ ਹੱਲ ਨਿਕਲ ਸਕਣਗੇ।

5. ਚੋਣ ਦਾ ਅਧਿਕਾਰ: ਅਧਿਆਪਕ ਹੀ ਬੱਚਿਆਂ 'ਚ ਚੋਣ-ਸ਼ਕਤੀ ਨੂੰ ਪੈਦਾ ਕਰ ਸਕਦਾ ਹੈ, ਜਿਸ ਨਾਲ ਵਿਦਿਆਰਥੀਆਂ 'ਚ ਵੱਖ-ਵਖ ਕਰਾਜਾਂ ਨੂੰ ਲੈ ਕੇ ਉਤਸ਼ਾਹ ਪੈਦਾ ਹੁੰਦਾ ਹੈ ਅਤੇ ਹੁਨਰ 'ਚ ਨਿਖਾਰ ਆਉਂਦਾ ਹੈ।

### 2.4.4 ਵਿਸ਼ੇਸ਼ਤਾਪੂਰਨ ਸਿੱਖਿਆ ਦੇ ਵੱਖ-ਵੱਖ ਢੰਗ

ਟੋਮਲਿਨਸਨ ਅਨੁਸਾਰ ਅਧਿਆਪਕ ਵਿਸ਼ੇਸ਼ਤਾਪੂਰਨ ਸਿੱਖਿਆ ਨੂੰ ਚਾਰ ਢੰਗਾਂ ਰਾਹੀ ਪੇਸ਼ ਕਰ ਸਕਦਾ:

1. ਸਮੱਗ੍ਰੀ (Content)
2. ਪ੍ਰਕਿਰਿਆ (Process)
3. ਉਤਪਾਦਨ (Product)
4. ਪੜਾਈ ਦਾ ਵਾਤਾਵਰਨ (Learning Environment)

**1. ਸਾਮਗ੍ਰੀ (Content)**

ਉਦਾਹਰਣ:- ਪਾਵਰ ਪੁਆਇੰਟ ਪ੍ਰੈਜ਼ਨਰੇਸ਼ਨ ਦੀ ਮਦਦ ਨਾਲ ਸਾਮਗ੍ਰੀ ਨੂੰ ਪੇਸ਼ ਕਰਨਾ।

**2. ਪ੍ਰਕਿਰਿਆ (Process):-**

ਸੁਣਨ ਅਤੇ ਦੇਖਣ 'ਚ ਅਯੋਗਤਾ ਵਾਲੇ ਬੱਚਿਆਂ ਨੂੰ ਬ੍ਰੇਲ ਅਤੇ ਔਡੀਉ ਕਿਤਾਬਾਂ ਪ੍ਰਦਾਨ ਕਰਨੀਆਂ।

**3. ਉਤਪਾਦਨ (Product)**

ਪੜਨ ਵਾਲੇ ਵਿਦਿਆਰਥੀ ਲਿੱਖ ਕੇ ਅਤੇ ਸੁਣਨ 'ਚ ਅਯੋਗਤਾ ਵਾਲੇ ਬੱਚੇ ਬੋਲ ਕੇ ਰਿਪੋਰਟ ਦੇ ਸਕਦੇ ਹਨ।

**4. ਪੜਾਈ ਦਾ ਵਾਤਾਵਰਨ (Learning Environment)**

ਵਿਦਿਆਰਥੀਆਂ ਨੂੰ ਵੱਖ-ਵੱਖ ਜੁਟਾਂ 'ਚ ਜਾ ਇੱਕਲੇ ਪੜਨ ਦਾ ਵਾਤਾਵਰਨ ਪਰਦਾਨ ਕਰਨਾ।

### 2.4.5 ਵਿਸ਼ੇਸ਼ਤਾਪੂਰਨ ਸਿੱਖਿਆ ਦੇ ਲਾਭ

1. ਖੋਜ ਤੋਂ ਇਹ ਪਤਾ ਚੱਲਿਆ ਹੈ ਕਿ ਵਿਸ਼ੇਸ਼ਤਾਪੂਰਨ ਸਿੱਖਿਆ ਉੱਚ-ਯੋਗਤਾ ਅਤੇ ਘੱਟ ਤੋਂ ਘੱਟ ਯੋਗਤਾ ਵਾਲੇ ਬੱਚਿਆਂ ਲਈ ਫਾਇਦੇਮੰਦ ਹਨ।
2. ਜਦੋਂ ਬੱਚਿਆਂ ਨੂੰ ਜ਼ਿਆਦਾ ਮੌਕੇ ਪ੍ਰਦਾਨ ਕੀਤੇ ਜਾਂਦੇ ਹਨ ਜਿਸ ਨਾਲ ਉਹ ਪਾਠ ਨੂੰ ਸਮਝ ਸਕਣ, ਇਸ ਨਾਲ ਸਿੱਖਣਾ ਆਸਾਨ ਹੋ ਜਾਂਦਾ ਹੈ।
3. ਇਸ ਨਾਲ ਅਨੁਸ਼ਾਸ਼ਹੀਨਤਾ ਦੀ ਸਮੱਸਿਆ ਵੀ ਖਤਮ ਹੋ ਜਾਂਦੀ ਹੈ।

## 2.5 ਕੋਪਰੇਟਿਵ ਲਰਨਿੰਗ (Cooperative Learning)

ਇਕ ਸਮਾਜ ਦੀ ਸਿਰਜਣਾ ਦੇ ਲਈ ਉਸ 'ਚ ਰਹਿ ਰਹੇ ਵਿਅਕਤੀਆਂ ਦੀ ਭੂਮਿਕਾ ਬਹੁਤ ਹੀ ਜ਼ਰੂਰੀ ਹੈ। ਸਮਾਜ ਦੇ ਸਦੱਸਿਆਂ ਬਿਨ੍ਹਾਂ ਅਸੀ ਇਕ ਸੰਤੁਲਿਤ ਵਾਤਾਵਰਨ ਬਾਰੇ ਸੋਚ ਵੀ ਨਹੀਂ ਸਕਦੇ। ਜਦੋਂ ਵੀ ਸਮਾਜ ਦੀ ਗੱਲ ਕੀਤੀ ਜਾਂਦੀ ਹੈ, ਤਾਂ ਉਸ ਇਥ ਵਿਅਕਤੀ ਦੀ ਥਾਂ ਇੱਕ ਸਮੂਹ ਉੱਤੇ ਜੋਰ ਦਿੱਤਾ ਜਾਂਦਾ ਹੈ। ਅੱਜ ਦੇ ਯੁੱਗ 'ਚ ਉਂਹੀ ਵਿਅਕਤੀ ਕਾਮਯਾਬ ਹੈ ਜੋ ਆਪਣੇ ਜੁੱਟ ਦੇ ਨਾਲ ਮਿਲ ਕੇ ਚਲਦਾ ਹੈ।

ਇਹ ਰੱਲ-ਮਿਲ ਕੇ ਚੱਲਣ ਵਾਲੀ ਗੱਲ ਨੂੰ ਅਸੀਂ ਵੱਖ ਵੱਖ ਪੱਧਰਾਂ ਤੇ ਲਾਗੂ ਕਰ ਸਕਦੇ ਹਾਂ ਜਿਵੇਂ ਕਿ ਜਮਾਤ ਵਿੱਚ ਅਧਿਆਪਕ ਨੂੰ ਕਿਵੇਂ ਬੱਚਿਆ ਨਾਲ ਗੱਲਬਾਤ ਕਰਨੀ ਹੈ, ਕਿਵੇਂ ਜਮਾਤ 'ਚ ਆਪਣਾ ਲੈਕਚਰ ਪੇਸ਼ ਕਰਨਾ ਹੈ ਆਦਿ ਗੱਲਾਂ ਉਤੇ ਜ਼ਿਆਦਾ ਜੋਰ ਦਿੱਤਾ ਜਾਂਦ ਹੈ। ਪਰ ਵਿਦਿਆਰਥੀਆ ਨੇ ਆਪਸ 'ਚ ਕਿਵੇਂ ਮਿਲਣਾ ਵਰਤਨਾ ਹੈ ਇਸ ਗੱਲ ਨੂੰ ਸਦੀਆਂ ਤੋਂ ਅਣਡਿੱਠਾ ਕੀਤਾ ਗਿਆ ਹੈ।

ਸਹਿਯੋਗ ਦੇ ਨਾਲ ਕੰਮ ਕਰਕੇ ਅਸੀਂ ਆਪਣੇ ਉਦੇਸ਼ਾ ਨੂੰ ਪੂਰਾ ਕਰ ਸਕਦ ਹਾਂ। ਸਹਿਯੋਗ ਵਾਲੀਆਂ ਸਥਿਤੀਆਂ 'ਚ ਹਰ ਇਕ ਵਿਅਕਤੀ ਉਨ੍ਹਾਂ ਨਤੀਜਿਆਂ ਉੱਤੇ ਧਿਆਨ ਕੇਂਦ੍ਰਿਤ ਕਰਦਾ ਹੈ, ਜਿਸ ਨਾਲ ਸਮੂਹ ਦੇ

ਹਰ ਵਿਅਕਤੀ ਨੂੰ ਵੀ ਫਾਇਦਾ ਹੋਵੇ। ਕੋਪਰੇਟਿਵ ਸਿੱਖਿਆ ਚ ਵਿਦਿਆਰਥੀ ਛੋਟੇ-ਛੋਟੇ ਸਮੂਹ ਬਣਾ ਕੇ ਆਪਣੀ ਅਤੇ ਹੋਰਾਂ ਦੀ ਸਿੱਖਿਆਂ ਚ ਵਾਧਾ ਕਰਨ ਲਈ ਕੰਮ ਕਰਦਾ ਹੈ।

ਜੋਨ ਮੈਡਕਾਫ (1995) ਅਨੁਸਾਰ ਕੋਪਰੇਟਿਵ ਸਿੱਖਿਅ ਇਕ ਅਜਿਹੀ ਸਿੱਖਿਆਂ ਕਲਾ ਦਾ ਜੁਟ ਹੈ ਜਿਸ ਚ ਵੱਖ ਵੱਖ ਕੋਸ਼ਲਾ ਅਤੇ ਪ੍ਰਾਪਤੀਆਂ ਵਾਲੇ ਵਿਦਿਆਰਥੀ ਇਕੱਠੇ ਮਿਲ ਕੇ ਪੜਦੇ ਹਨ ਅਤੇ ਆਪਣੇ ਨਾਲ ਨਾਲ ਪੂਰੇ ਸਮੂਹ ਦੀ ਪ੍ਰਾਪਤੀ ਦੀ ਜਿੰਮੇਵਾਰੀ ਲੈਂਦੇ ਹਨ। ਖਾਸ ਜ਼ਰੂਰਤਾ ਵਾਲੇ ਵਿਦਿਆਰਥੀਆਂ ਨੂੰ ਵੀ ਕੋਪਰੇਟਿਵ ਸਿੱਖਿਆਂ ਚ ਜ਼ਿਆਦਾ ਰੁੱਝੇ ਅਤੇ ਦਿਲਚਪਸੀ ਦਿਖਾਉਂਦੇ ਹੋਏ ਪਾਇਆ ਹੈ। ਸੰਮਿਲਨ ਸਿੱਖਿਆਂ ਜਮਾਤਾਂ ਚ ਕੋਪਰੇਟਿਵ ਸਿੱਖਿਆ ਦੇ ਮਾਧਿਅਮ ਨਾਲ ਵਿਦਿਆਰਥੀ ਆਪਣੇ ਵਿਚਾਰ ਨੂੰ ਆਜ਼ਾਦੀ ਨਾਲ ਪੇਸ਼ ਕਰਦੇ ਹਨ। ਜਿਸਦੇ ਨਾਲ ਉਨ੍ਹਾ ਨੂੰ ਪੁਸ਼ਟੀ ਕਰਵਾਉਣ ਅਤੇ ਉਸਾਰੂ ਸੋਚ ਵਾਲੇ ਸੁਝਾਅ ਪ੍ਰਾਪਤ ਹੁੰਦੇ ਹਨ। ਇਸ ਦੇ ਨਾਲ ਹੀ ਉਨ੍ਹਾਂ ਪ੍ਰਸ਼ਨ ਪੁੱਛਣ ਵਾਲੀ ਤਕਨੀਕ ਚ ਸ਼ਾਮਲ ਕੀਤਾ ਜਾਂਦਾ ਹੈ ਅਤ ਜਵਾਬ ਦੇਣ ਲਈ ਜ਼ਿਆਦਾ ਤੋਂ ਜ਼ਿਆਦਾ ਮੌਕੇ ਦਿੱਤੇ ਜਾਦੇ ਹਨ। ਬੱਚਿਆਂ ਦਾ ਜਮਾਤ ਚ ਉਤਸ਼ਾਹ ਦਿਖਾਉਣਾ, ਨਾਲ ਅਧਿਆਪਕ ਦੇ ਲਈ ਆਪਣੇ ਵਿਦਿਆਰਥੀਆਂ ਦੀਆਂ ਜ਼ਰੂਰਤਾ ਨੂੰ ਸਮਝਣਾ ਹੋਰ ਸੋਖਾ ਹੋ ਜਾਂਦਾ ਹੈ।

### 2.5.1 ਕੋਪਰੇਟਿਵ ਸਿੱਖਿਆਂ ਦੇ ਲਾਭ (Benefits of Cooperative Learning):

1) **ਸਮਾਜਿਕ ਨਜ਼ਰੀਏ ਨੂੰ ਬਣਾਉਣਾ:** ਇਸਦਾ ਸਭ ਤੋਂ ਪਿਆਰਾ/ਵਧੀਆਂ ਫਾਇਦਾ ਇਹ ਹੈ ਕਿ ਇਸ ਨਾਲ ਅਧਿਆਪਕ ਆਪਣੀ ਜਮਾਤ ਦੇ ਹਰ ਵਿਆਕਤੀ/ਵਿਦਿਆਰਥੀ ਹੁਨਰ ਨੂੰ ਪ੍ਰੇਰਿਤ ਕਰਦਾ ਹੈ।

2) **ਰੱਲ ਮਿਲ ਕੇ ਪੜ੍ਹਨ ਦੀ ਕਲਾਂ ਨੂੰ ਸਿੱਖਣਾ:** ਜਿਵੇਂ ਅਸੀਂ ਨਵੇਂ ਕੋਸ਼ਲਾ ਨੂੰ ਸਿੱਖਦੇ ਹਾਂ, ਉਸ ਤਰ੍ਹਾਂ ਸਾਨੂੰ ਰੱਲ ਮਿਲ ਕੇ ਪੜਣ ਦੀ ਕਲਾਂ ਚ ਵੀ ਸਿਖਲਾਈ ਨੂੰ ਹੀ ਵਿਦਿਆਰਥੀਆਂ ਨੂੰ ਕੋਪਰੇਟਿਵ ਸਿੱਖਿਆਂ ਦੀ ਮਹੱਤਤਾ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ। ਕੋਪਰੇਟਿਵ ਲਰਨਿੰਗ ਦੇ ਵੱਖ ਵੱਖ ਗਰੂਪ ਜਿਵੇਂ ਕਿ:

- ਰਸਮੀਂ ਕੋਪਰੇਟਿਵ ਸਿੱਖਆ ਦੇ ਗਰੂਪ/ਜੁੱਟ
- ਗੈਰ-ਰਸਮੀਂ
- ਕੋਪਰੇਟਿਵ ਬੇਸ ਗਰੁਪ/ਜੁੱਟ

3) **ਲੀਡਰਸ਼ਿਪ ਨੂੰ ਵਧਾਉਣਾ:** ਇਕ ਅਧਿਆਪਕ ਦਾ ਇਕ ਫਰ੍ਜ ਹੈ ਕਿ ਉਹ ਬੱਚਿਆਂ ਚ ਲੁਕੀ ਹੋਈ ਕਾਬਲਿਯਤ ਨੂੰ ਨਿਖਾਰ ਕੇ ਬਹਾਰ ਲੈ ਆਵੇ। ਜਿਵੇਂ ਕਿ ਕੋਪਰੇਟਿਵ ਸਿੱਖਿਆਂ ਦੇ ਵਿਚ ਗਰੂਪ ਪ੍ਰੋਜੈਕਟ ਦੇ ਵਿਚ ਵੱਖ ਵੱਖ ਵਿਦਿਆਰਥੀਆ ਨੂੰ ਲੀਡਰਸ਼ਿਪ ਦੀ ਸਥਿਤੀਆਂ ਚ ਪਾਉਣਾ ਚਾਹੀਦਾ ਹੈ।

4) **ਪ੍ਰਮਾਣਿਕਤਾ ਇੱਕ ਕੁੰਜੀ ਦੇ ਆਧਾਰ ਤੋਂ:** ਜਿਵੇਂ-ਜਿਵੇਂ ਵਿਦਿਆਰਥੀਆਂ ਨੂੰ ਸਮੂਹ 'ਚ ਕੰਮ ਕਰਨ ਦੀ ਆਦਤ ਹੋ ਜਾਂਦੀ ਹੈ, ਫੇਰ ਉਹ ਇਸ ਗੱਲ ਤੋਂ ਵੀ ਜਾਣੂ ਹੋ ਜਾਂਦੇ ਹਨ ਕਿ ਹਰ ਵਿਦਿਆਰਥੀ ਦੀ ਆਪਣੇ ਆਪ 'ਚ ਇਕ ਮਹੱਤਤਾ ਹੈ, ਜਿਸ ਨਾਲ ਉਹ ਆਪਣੇ ਸਮੂਹ ਦੀ ਸਫ਼ਲਤਾ ਤੱਕ ਪਹੁੰਚਦੇ ਹਨ।

### 2.5.2 ਕੋਪਰੇਟਿਵ ਸਿੱਖਿਆ ਦੇ ਸਿਧਾਂਤ (Principles of Cooperative Learning)

1. **ਸਕਾਰਾਤਮਕ ਅੰਤਰ-ਨਿਰਭਰਤਾ:** ਵਿਦਿਆਰਥੀਆਂ ਨੂੰ ਇਸ ਗੱਲ ਦਾ ਅਹਿਸਾਸ ਹੋ ਜਾਦਾ ਹੈ ਕਿ ਕਿਸੇ ਵੀ ਸਮੂਹਿਕ ਕੰਮ ਨੂੰ ਕਰਨ ਲਈ ਉਨ੍ਹਾਂ ਨੂੰ ਇਕ ਦੂਸਰੇ ਦੀ ਜ਼ਰੂਰਤ ਹੈ। ਅਧਿਆਪਕ ਸਮੂਹਿਕ ਟੀਚੇ ਦੇ ਕੇ ਸੰਧਾਧਨਾ ਨੂੰ ਆਪਸ ਚ ਸਾਂਝਾ ਕਰਨਾ ਅਤੇ ਵੱਖ ਵੱਖ ਭੂਮਿਕਾ ਦੇ ਕੇ ਵਿਦਿਆਥੀਆਂ ਚ ਸਕਾਰਤਮਕ ਅੰਤਰ ਨਿਰਭਰਤਾ ਪੈਦਾ ਕਰ ਸਕਦਾ ਹੈ।

2. **ਆਹਮੋ-ਸਾਹਮਣੇ ਸੰਪਰਕ ਬਣਾਉਣਾ:** ਵਿਦਿਆਰਥੀ ਇਕ ਦੂਜੇ ਦੀ ਸਿੱਖਿਆ ਨੂੰ ਮਦਦ ਨਾਲ ਸਾਂਝਾਂ ਕਰਕੇ ਅਤੇ ਉਤਸਾਹ ਨਾਲ ਅੱਗੇ ਵਧਾਉਂਦੇ ਹਨ। ਵਿਦਿਆਰਥੀ ਆਪਣੇ ਸਾਥੀਆਂ ਨਾਲ ਪਹਿਲਾ ਤੋਂ ਪ੍ਰਾਪਤ ਜਾਣਕਾਰੀ ਨੂੰ ਵਿਸਥਾਰ ਚ ਦਸਦਾ ਹੈ।

3. **ਵਿਅਕਤੀਗੱਤ ਪੱਧਰ ਤੇ ਪਛਾਣ ਕਰਨਾ:** ਸਮੂਹਿਕ ਕੰਮ ਚ ਇਹ ਵੀ ਦੱਸਿਆ ਜਾਂਦਾ ਹੈ ਕਿ ਹਰ ਵਿਦਿਆਰਥੀ ਦੀ ਆਪਣੀ ਅਣੋਖੀ ਪਛਾਣ ਹੈ। ਸਮੂਹਿਕ ਕੰਮ ਚ ਹਰ ਇਕ ਵਿਦਿਆਰਥੀ ਦੇ ਪ੍ਰਦਰਸ਼ਨ ਦਾ ਮੂਲਾਂਕਣ ਕਰਕੇ ਉਸਦੇ ਗਰੁਪ ਅਤੇ ਵਿਅਕਤੀਗਤ ਪੱਧਰ ਤੇ ਨਤੀਜਿਆਂ ਨੂੰ ਸਾਂਝਾ ਕੀਤਾ ਜਾਂਦਾ ਹੈ।

4. **ਅੰਤਰਜ਼ਾਤੀ ਅਤੇ ਛੋਟੇ ਸਮੂਹ ਦੇ ਲਈ ਜ਼ਰੂਰੀ ਕੋਸ਼ਲ:** ਸਮੂਹ ਅਤ ਵਧੀਆਂ ਤਰੀਕੇ ਨਾਲ ਕੰਮ ਕਰਨ ਦੇ ਲਈ ਵਿਦਿਆਰਥੀਆਂ ਚ ਕੁਝ ਜ਼ਰੂਰੀ ਸਮਾਜਿਕ ਕੋਸ਼ਲਾ ਦਾ ਹੋਣਾ ਜ਼ਰੂਰੀ ਹੈ। ਅਧਿਆਪਕ ਇਹਨਾਂ ਕੌਸ਼ਲਾ ਨੂੰ ਅਕਾਦਮਿਕ ਕੋਸ਼ਲਾਂ ਦੇ ਆਧਾਰ ਤੇ ਹੀ ਸਿਖਾਉਦਾਂ ਹੈ। ਕੁਝ ਸਹਿਯੋਗੀ ਕੋਸ਼ਲ ਇਸ ਪ੍ਰਕਾਰ ਹਨ ਜਿਵੇਂ ਕਿ ਲੀਡਰਸ਼ਿਪ ਫੈਸਲਾ ਤੇ ਪਹੁੰਚਣਾ ਭਰੋਸਾ ਬਣਾਉਣਾ, ਸੰਚਾਰ ਅਤੇ ਟਕਰਾਅ ਨੂੰ ਮਿਟਾਉਣ ਦੇ ਕੋਸ਼ਲ ਆਦਿ।

5 **ਗਰੁੱਪ ਦੀ ਪ੍ਰੋਸੈਸਿੰਗ:** ਹਰ ਗਰੁੱਪ ਨੂੰ ਆਪਣੇ ਕੰਮ ਦੇ ਨਤੀਜਿਆ ਬਾਰੇ ਸਲਾਹ ਕਰਨ ਲਈ ਕੁਝ ਵਕਤ ਚਾਹੀਦਾ ਹੈ। ਜਿਸ ਨਾਲ ਸਮੂਹ ਚ ਬਣੇ ਰਿਸ਼ਤਿਆ ਬਾਰੇ ਜਾਣਕਾਰੀ ਹਾਸਿਲ ਕੀਤੀ ਜਾ ਸਕੇ। ਅਧਿਆਪਕ ਸਾਰੇ ਸਮੂਤ ਦੇ ਕੰਮ ਨੂੰ ਦੇਖ ਕੇ ਉਨ੍ਹਾਂ ਬਾਰੇ ਆਪਣੇ ਸੁਝਾਅ ਦਿੰਦਾ ਹੈ।

### 2.5.3 ਅਧਿਆਪਕ ਦੀ ਭੂਮਿਕਾ:

1) ਪਾਠ ਕ੍ਰਮ ਦੇ ਉਦੇਸ਼ ਨੂੰ ਨਿਸ਼ਚਿਤ ਕਰਨਾ-ਟੀਚੇ ਅਤੇ ਕੋਸ਼ਲ
2) ਸਮੂਹ ਬਣਾਉਣ ਲਈ ਵਿਦਿਆਰਥੀਆਂ ਨੂੰ ਵੰਡਣਾ।
3) ਟੀਚੇ ਬਾਰੇ ਵਿਸਥਾਰ ਚ ਦੱਸਣਾ-ਗਰੁੱਪ ਕਿ ਹਾਸਿਲ ਕਰਨਾ ਚਾਹੀਦਾ ਹੈ।
4) ਗਰੁਪ 'ਚ ਸਾਰੇ ਇਕੱਠੇ ਹੋ ਕੇ ਜਿਵੇਂ ਕੰਮ ਕਰਦੇ ਹਨ।
5) ਸਾਰੇ ਸਮੂਹਾਂ ਦੀ ਟੀਚੇ ਦੇ ਆਧਾਰ ਤੇ ਮਦਦ ਕਰਨਾ।
6) ਵਿਦਿਆਰਥੀਆਂ ਦੀ ਸਿੱਖਿਆਂ ਅਤੇ ਸਹਿਯੋਗ ਬਾਰੇ ਮੁਲਾਂਕਣ ਕਰਨਾ।

## 2.6 ਪੀਅਰ ਟਿਟੋਰਿੰਗ (Peer Tutoring)

ਪੀਅਰ ਟੂਟੋਰਿੰਗ ਖੋਜ ਦੇ ਆਧਾਰ ਤੇ ਬਹੁਤ ਹੀ ਮਸ਼ਹੂਰ ਅਧਿਆਪਨ ਪ੍ਰਕਿਰਿਆ ਹੈ। ਇਸਦਾ ਅਤੇ ਅਯੋਗਤਾ ਵਾਲੇ ਵਿਦਿਆਰਥੀਆਂ ਤੇ ਸਕਾਰਾਤਮਕ ਪ੍ਰਭਾਵ ਹੈ । ਅਰਿਸਟੋਟਲ ਨੇ ਵਿਦਿਆਰਥੀ ਲੀਡਰਾਂ ਦਾ ਉਪਯੋਗ ਕੀਤਾ ਸੀ, ਜਿਸਨੂੰ ਉਹਨਾਂ ਨੇ ਐਰੁਕੋਨਯ ਕਿਹਾ ਸੀ। ਰੋਮਨ ਨੇ ਪੀਅਰ ਟਿਟੋਰਸ ਦਾ ਉਪਯੋਗ ਕੀਤਾ ਸੀ, ਜਿਸ ਚ ਉਨਾਂ ਨੇ ਪੁਰਾਣੇ ਵਿਦਿਆਰਥੀਆਂ ਨੂੰ ਛੋਟੇ ਬੱਚਿਆਂ ਨੂੰ ਪੜਾਉਣਾ ਅਤੇ ਟੇਸਟ ਕਰਨ ਲਈ ਵਰਤਿਆ ਸੀ।

ਪੀਅਰ ਟਿਊਟੋਰਿੰਗ ਸ਼ਸਦ ਚ 'ਪੀਅਰ' ਦਾ ਮਤਲਬ ਹੈ ਇਕ ਵਿਅਕਤੀ ਦੂਸਰੇ ਵਿਅਕਤੀ ਤੋਂ ਕਿਸੇ ਪੱਖ ਚ ਬਰਾਬਰ ਹੁੰਦਾ ਹੈ ਜਿਵੇਂ ਕਿ ਉਮਰ ਜਮਾਤ ਆਦਿ। ''ਟਿਊਟਰ'' ਦਾ ਮਤਲਬ ਹੁੰਦਾ ਹੈ ਕਿਸੇ ਵੀ ਇਕੱਲੇ ਵਿਅਕਤੀ ਜਾਂ ਸਮੂਹ ਦੇ ਵਿਦਿਆਰਥੀਆਂ ਨੂੰ ਪੜਾਉਣ ਵਾਲਾ ਅਧਿਆਪਕ। ਪੀਅਰ ਟਿਊਟੋਰਿੰਗ ਨੂੰ ਇਕ ਸਿੱਖਿਆਕ ਕਿਹਾ ਹੈ। ਜਿਸ ਚ ਵਿਦਿਅਕ ਉਦੇਸ਼ ਦੀ ਪ੍ਰਾਪਤੀ ਦੇ ਲਈ ਇਕ ਵਿਦਿਆਰਥੀ ਦੂਸਰੇ ਵਿਦਿਆਰਥੀ ਨਾਲ ਤਾਲਮੇਲ ਕਰਦਾ ਹੈ।

ਡੈਮੋਨ ਅਤੇ ਫੈਲਪ ਅਨੁਸਾਰ ''ਪੀਅਰ ਟਿਊਟੋਰਿੰਗ ਇਕ ਅਨੋਖੀ ਤਕਨੀਕ ਹੈ ਜਿਸ ਚ ਇਕ ਮਾਹਿਰ ਵਿਦਿਆਰਥੀ ਆਪਣੇ ਤੋਂ ਘੱਟ ਮਾਹਿਰ ਵਿਦਿਆਰਥੀ ਦੀ ਪੜ੍ਹਾਈ ਚ ਮਦਦ ਕਰਦਾ ਜਾਂ ਉਸਨੂੰ ਪੜਾਉਦਾ ਹੈ। ਇਸ ਲਈ ਪੜਾਉਣ ਦੀ ਕਲਾਂ 'ਚ ਇਕ ਅਕਾਦਮਿਕ ਟੀਚੇ ਨੂੰ ਪੂਰਾ ਕਰਨ ਲਈ ਵੱਖ ਵੱਖ ਵਿਦਿਆਰਥੀਆਂ ਦੇ ਜੁੱਟ ਬਣਾਏ ਜਾਦੇ ਹਨ। ਇਨ੍ਹਾਂ ਜੁੱਟਾਂ ਵੱਖ ਵੱਖ ਤਰ੍ਹਾਂ ਦੀ ਕਾਬਲੀਯਤ ਅਤੇ ਉਮਰ ਦੇ ਬੱਚੇ ਹੁੰਦੇ ਹਨ।

ਪੀਅਰ ਟਿਉਟੋਰਿੰਗ ਬਹੁਤ ਹੀ ਲਚਕੀਲੀ, ਪੀਅਰ ਅਧਾਰਿਤ ਨੀਤੀ ਹੈ ਜਿਸ ਚ ਵਿਦਿਆਰਥੀ ਹੀ ਅਕਾਦਮਿਕ ਅਧਿਆਪਕ ਬਣਦੇ ਹਨ।

### 2.2.1 ਪੀਅਰ ਟਿਊਟੋਰਿੰਗ ਦੀਆਂ ਵਿਸ਼ੇਸ਼ਤਾਵਾਂ:

1) ਇਸ ਕਲਾਂ ਨੂੰ ਵੱਡੇ ਪੱਧਰ ਤੇ ਖੋਜਿਆ ਗਿਆ ਹੈ ਜਿਵੇਂ ਕਿ ਉਮਰ, ਜਮਾਤ ਅਤੇ ਅਧਿਆਪਨ ਦੇ ਅਧਾਰ ਤੇ।
2) ਇਸ ਨਾਲ ਵਿਦਿਆਰਥੀ ਆਪਸ ਚ ਇਕ ਦੂਸਰੇ ਦੀ ਮਦਦ ਕਰ ਸਕਦੇ ਹਨ।
3) ਛੋਟੇ ਸਮੂਹਾਂ ਕਰਕੇ ਵਿਦਿਆਰਥੀਆਂ ਨੂੰ ਵਧੇਰੇ ਮੌਕੇ ਮਿਲਦੇ ਹਨ।
4) ਇਸ ਨਾਲ ਅਧਿਆਪਕ ਅਤੇ ਵਿਦਿਆਰਥੀ ਦੋਹਾਂ ਦੀ ਅਕਾਦਮਿਕ ਅਤੇ ਸਮਾਜਿਕ ਤਰਕੀ ਹੁੰਦੀ ਹੈ।
5) ਵਿਦਿਆਰਥੀਆਂ ਦੀ ਟੀਚੇ ਦੇ ਲਈ ਰੂਚੀ ਅਤੇ ਟੀਇਮ ਚ ਵਾਧਾ ਹੁੰਦਾ ਹੈ।

6) ਪੀਅਰ ਟਿਊਟੋਰਿੰਗ ਨਾਲ ਵਿਦਿਆਰਥੀਆਂ ਦਾ ਸਵੈ-ਅਤੇ ਸਵੈ 'ਚ ਵਾਧਾ ਹੁੰਦਾ ਹੈ।

**2.6.2 ਪੀਅਰ ਟਿਊਟੋਰਿੰਗ ਦੀਆਂ ਕਿਸਮਾਂ:**

1) **ਕਲਾਸ ਵਾਈਜ਼ ਪੀਅਰ ਟਿਉਟੋਰਿੰਗ (Class Wise Peer Tutoring, CWPT):** ਇਸ ਟਿਊਟੋਰਿੰਗ ਚ ਵੱਖ ਵੱਖ ਕਾਬਲੀਯਤ ਵਾਲੇ ਵਿਦਿਆਰਥੀਆਂ ਨੂੰ ਦੋ ਜਾਂ ਪੰਜ ਦੇ ਸਮੂਹ ਚ ਵੰਡਿਆ ਜਾਂਦਾ ਹੈ। ਜਿਸ ਨਾਲ ਵਿਦਿਆਰਥੀ ਹੀ ਟਿਊਟਰ ਅਤੇ ਟਿਊਟੀ ਜਾਂ ਦੋਵੇਂ ਟਿਊਟਰ, ਟਿਊਟੀ ਬਣਦੇ ਹਨ। CPWT ਚ ਬਹੁਤ ਹੀ ਧਿਆਨ ਨਾਲ ਪ੍ਰਕਿਰਿਆ ਨੂੰ ਬਣਾਇਆ ਜਾਂਦਾ ਹੈ, ਬਾਰ ਬਾਰ ਰੀਹਰਮਲ ਕੀਤੇ ਜਾਂਦੇ ਹਨ। ਵਿਰੋਧੀ ਟੀਮਾਂ ਬਣਾਈਆਂ ਜਾਂਦੀਆਂ ਹਨ ਅਤੇ ਨਤੀਜਿਆਂ ਨੂੰ ਬੋਰਡ ਤੇ ਲਗਾਇਆ ਜਾਂਦਾ ਹੈ।

2) **ਕਰੋਮ-ਏਜ ਪੀਅਰ ਟਿਊਟੋਰਿੰਗ (Crom Age Peer Tutoring):** ਪੁਰਾਣੇ ਵਿਦਿਆਰਥੀਆਂ ਨੂੰ ਛੋਟੀ ਉਮਰ ਦੇ ਵਿਦਿਆਰਥੀਆਂ ਨਾਲ ਇਕੱਠਾ ਕੀਤਾਂ ਜਾਂਦਾ ਹੈ, ਤਾਂ ਜੋ ਉਹਨਾਂ ਨੂੰ ਪੜ੍ਹਾਂ ਸਕਣ। ਇਸ ਚ ਟਿਊਟਰ ਅਤੇ ਟਿਊਟੀ ਦੀ ਥਾਂ ਚ ਤਬਦੀਲੀ ਨਹੀਂ ਹੁੰਦੀ। ਟਿਊਟਰ ਨੇ ਹੀ ਟਿਊਟੀ ਚ ਵਧੀਆਂ ਵਰਤਾਉ, ਸਵਾਲ ਪੁਛਨੇ ਅਤੇ ਵਧੀਆਂ ਪੜਾਈ ਦੀਆਂ ਆਦਤਾ ਨੂੰ ਪੈਦਾ ਕਰਨਾ ਹੁੰਦਾ ਹੈ। ਇਹ ਅਯੋਗਤਾ ਵਾਲੇ ਵਿਦਿਆਰਥੀਆਂ ਲਈ ਬਹੁਤ ਫਾਇਦੇਮੰਦ ਹੁੰਦੀ ਹੈ, ਜਿਸ ਚ ਉਹ ਛੋਟੇ ਵਿਦਿਆਰਥੀਆਂ ਨੂੰ ਪੜ੍ਹਾਂ ਸਕਦੇ ਹਨ।

3) **ਪੀਅਰ ਅਸਿਸਟਿਡ ਲਰਨਿੰਗ ਸਟਰੈਟੀਟੀਜ਼ (Pals Peer Assisted Learning Strategies):** PALS CWPT ਦੀ ਹੀ ਇਕ ਰੂਪ ਹੈ, ਜਿਸ 'ਚ ਅਧਿਆਪਕ ਵਿਦਿਆਰਥੀਆਂ ਦੀ ਲੋੜ ਅਨੁਸਾਰ ਉਹਨਾਂ ਦੇ ਸਮੂਹ ਬਣਾਉਦਾ ਹੈ। ਇਹ ਸਮੂਹ ਵੱਖ ਵੱਖ ਕੋਸ਼ਲਾ ਅਤੇ ਵਿਸ਼ੇ ਦੇ ਆਧਾਰ 'ਤੇ ਕਦੇ ਵੀ ਤਬਦੀਲ ਕੀਤਾ ਜਾ ਸਕਦਾ ਹੈ। ਸਾਰੇ ਵਿਦਿਆਰਥੀਆਂ ਨੂੰ ਸਮੇਂ ਦੇ ਅਨੁਸਾਰ ਟਿਊਅਰ ਅਤੇ ਟਿਊਟੀ ਬਣਨ ਦਾ ਮੌਕਾ ਮਿਲਦਾ ਰਹਿਦਾ ਹੈ। ਇਸ ਚ ਬੱਚਿਆਂ ਦੇ ਹੁਨਰ ਨੂੰ ਜ਼ਿਆਦਾ ਮਹੱਤਤਾ ਨਹੀਂ ਦਿਤੀ ਜਾਂਦੀ ਹੈ।

4) **ਰੈਸੀਪਰੋਕਲ ਪੀਅਰ ਟਿਊਟੋਰਿੰਗ (Reciprocal Peer Tutoring (RPT)):** ਦੋ ਜਾਂ ਦੋ ਤੋਂ ਜ਼ਿਆਦਾ ਵਿਦਿਆਰਥੀਆਂ ਨੂੰ ਆਪਸ ਵਿਚ ਹੀ ਟਿਊਟਰ ਅਤੇ ਟਿਊਟੀ ਬਣਨ ਦਾ ਮੌਕਾ ਮਿਲਦਾ ਰਹਿੰਦਾ ਹੈ। ਜ਼ਿਆਦਾਤਰ ਘੱਟ ਮਹਿਰ ਵਿਦਿਆਰਥੀਆਂ ਨੂੰ ਜ਼ਿਆਦਾ ਮਾਹਿਰ ਵਿਦਿਆਰਥੀਆਂ ਨੂੰ ਸਮੂਹ ਚ ਪਾਇਆ ਜਾਂਦਾ ਹੈ।

5) **ਬਰਾਬਰ ਉਮਰ ਵਾਲੀ ਪੀਅਰ ਟਿਊਟੋਰਿੰਗ:** ਇਸ 'ਚ ਬਰਾਬਰ ਦੀ ਉਮਰ ਵਾਲੇ ਵਿਦਿਆਰਥੀਆਂ ਨੂੰ ਆਪਸ 'ਚ ਟਿਊਟਰ ਅਤੇ ਟਿਊਟੀ ਬਣਨਾ ਹੁੰਦਾ ਹੈ। ਇਹਨ੍ਹਾਂ ਵਿਦਿਆਰਥੀਆਂ ਦੇ ਹੁਨਰ ਚ ਫਰਕ ਹੋ ਵੀ ਸਕਦਾ ਅਤੇ ਕੋਈ ਫਰਕ ਨਹੀਂ ਵੀ ਹੁੰਦਾ ਹੈ। ਜਦੋਂ ਵਿਦਿਆਰਥੀਆਂ ਦੇ ਹੁਨਰ ਚ ਫਰਕ ਹੁੰਦਾ ਹੈ, ਤਾਂ ਦੋਹਾਂ ਦੇ ਰੋਲ ਚ ਤਬਦੀਲੀ ਕੀਤੀ ਜਾ ਸਕਦੀ ਹੈ। ਇਸ ਨੂੰ ਇਕ ਜਮਾਤ ਜਾਂ ਵੱਖ ਵੱਖ ਜਮਾਂਤਾ ਚ ਪੂਰਾ ਕੀਤਾ ਜਾ ਸਕਦਾ ਹੈ। ਇਸਦੀ ਪ੍ਰਕਿਰਿਆ CWPT ਨਾਲੋਂ ਜ਼ਿਆਦਾ ਲਚਕੀਲੀ ਹੈ।

**2.6.3 ਪੀਅਰ ਟਿਊਟੋਰਿੰਗ ਦੇ ਲਾਭ:**

1) ਵਿਦਿਆਰਥੀ ਆਪਸ ਚ ਬਣੇ ਟਿਉਟਰ ਅਤੇ ਟਿਊਟੀ ਦੀ ਬੋਧ ਸ਼ਕਤੀ ਨੂੰ ਆਸਾਨੀ ਨਾਲ ਸਮਝ ਲੈਂਦੇ ਹਨ। ਕਈ ਵਾਰ ਕਿਸੇ ਵੱਡੇ ਵਿਅਕਤੀ ਨਾਲੋ ਆਪਸ ਚ ਵਿਦਿਆਰਥੀ ਇਕ ਦੂਸਰੇ ਦੀ ਗੱਲ ਨੂੰ ਆਸਾਨੀ ਨਾਲ ਸਮਝ ਲੈਂਦੇ ਹਨ। ਇਕ ਵਿਦਿਆਰਥੀ ਦੂਸਰੇ ਵਿਦਿਆਰਥੀ ਨੂੰ ਆਸਾਨੀ ਨਾਲ ਆਪਣੇ ਤਜਰਬਿਆਂ ਨੂੰ ਨਵੇਂ-ਨਵੇਂ ਖਿਆਲਾਂ ਨੂੰ ਸਾਂਝਾ ਕਰ ਸਕਦਾ ਹੈ।
2) ਵਿਦਿਆਰਥੀਆਂ ਦੀ ਆਪਸ 'ਚ ਸਹਿਯੋਗ ਅਤੇ ਸਾਂਝ 'ਚ ਵੀ ਵਾਧਾ ਹੁੰਦਾ ਹੈ।
3) ਪੜ੍ਹਾਉਣ ਵਾਲੇ ਵਿਦਿਆਰਥੀ ਦੀ ਵਿਸ਼ੇ ਦੇ ਬਾਰੇ 'ਚ ਗਹਿਰੀ ਸਮਝ ਸ਼ਕਤੀ ਪੈਦਾ ਹੁੰਦੀ ਹੈ।
4) ਵਿਦਿਆਰਥੀਆਂ 'ਚ ਕਿਸੇ ਵੀ ਵਿਦਿਆਰਥੀ ਨੂੰ ਪੜ੍ਹਾਉਣ ਤੋਂ ਬਾਅਦ ਮਾਹਿਰਤਾ ਹਾਸਿਲ ਹੁੰਦੀ ਹੈ।
5) ਆਪਸ 'ਚ ਇਕ ਦੂਸਰੇ ਨੂੰ ਦੇਖ ਕੇ ਵਿਦਿਆਰਥੀਆ 'ਚ ਵਧੀਆਂ ਪੜ੍ਹਨ ਲਈ ਰੂਚੀ ਪੈਦਾ ਹੁੰਦੀ ਹੈ।
6) ਇਸ ਕਲਾ ਨਾਲ ਵਿਦਿਆਰਥੀਆਂ ਦੀ ਆਪਸ 'ਚ ਚੰਗੀ ਸੋਚ ਪੈਦਾ ਹੁੰਦੀ ਹੈ ਅਤੇ ਸਮਾਜੀਕਰਨ 'ਚ ਵੀ ਵਾਧਾ ਹੁੰਦਾ ਹੈ।

**2.7 ਸਾਰਾਂਸ਼:** ਸੰਮਿਲਨ ਸਿੱਖਿਆਂ ਦੀ ਕਲਾਵਾਂ ਵੱਖ ਵੱਖ ਪਿਛੋਕੜਾਂ ਦੇ ਪੜ੍ਹਨ ਦੇ ਤਰੀਕਿਆ ਅਤੇ ਹੁਨਰ ਵਾਲੇ ਵਿਦਿਆਰਥੀਆਂ ਦੀਆਂ ਜ਼ਰੂਰਤਾਂ ਨੂੰ ਧਿਆਨ ’ਚ ਰੱਖਦਾ ਹੈ। ਇਸ ਸੰਮਿਲਨ ਸਿੱਖਿਆਂ ਦੇ ਵਾਤਾਵਰਨ ਨੂੰ ਧਿਆਨ ’ਚ ਰੱਖਿਆਂ ਜਾਂਦਾ ਹੈ, ਜਿਸ ’ਚ ਸਾਰੇ ਵਿਦਿਆਰਥੀ ਆਪਣੇ ਆਪ ਨੂੰ ਜ਼ਰੂਰੀ ਮਹਿਸੂਸ ਕਰਦੇ ਹਨ।

ਇਸ ਤਰ੍ਹਾਂ ਦੀਆਂ ਭਾਵਨਾਵਾਂ ਨੂੰ ਪੈਦਾ ਕਰਨ ਲਈ ਸੰਮਿਲਨ ਸਿੱਖਿਆ ਕਲਾਵਾਂ ਜਿਵੇਂ ਕਿ ਵਿਸ਼ੇਸਪੂਰਣ ਸਿੱਖਿਆ ਕੋਪਰੇਟਿਵ ਸਿੱਖਿਆਂ ਅਤੇ ਪੀਅਰ ਟਿਉਟੋਰਿੰਗ ਨੂੰ ਆਮ ਜਮਾਤ ’ਚ ਲੈ ਕੇ ਆਉਣ ਦੀ ਜ਼ਰੂਰਤ ਹੈ ਤਾਂ ਜੋ ਜਮਾਤ ’ਚ ਵੱਖ–ਵੱਖ ਯੋਗਤਾ ਅਤੇ ਅਯੋਗਤਾ ਵਾਲੇ ਬੱਚਿਆਂ ਨਾਲ ਕਿਸੇ ਵੀ ਤਰ੍ਹਾਂ ਦਾ ਵਿਤਕਰਾ ਨਾ ਕੀਤਾ ਜਾਵੇ। ਉਹ ਅਧਿਆਪਕ ਹੀ ਧਿਆਨ ਰਖਣ ਸਹਿਣਸ਼ਕਤੀ, ਲਚਕੀਲਾ ਵਿਅਕਤੀ ਹੈ ਜਿਸ ਨੇ ਆਪਣੇ ਜਮਾਤ ਨੂੰ ਸੰਮਿਲਨ ਸਿੱਖਿਆਂ ਵਾਲੀ ਜਮਾਤ ਘੋਸ਼ਿਤ ਕੀਤੀ ਹੋਈ ਹੈ।

### 2.8 ਸੁਝਾਵੇਂ ਪ੍ਰਸ਼ਨ

ਪ੍ਰਸ਼ਨ.1 ਸੰਮਿਲਨ ਸਿੱਖਿਆ 'ਚ ਪੜਾਉਣ ਦੀਆਂ ਕਲਾਵਾਂ ਤੋਂ ਕੀ ਭਾਵ ਹੈ?

ਪ੍ਰਸ਼ਨ.2 ਵਿਸ਼ੇਸ਼ਤਾਪੂਰਨ ਸਿੱਖਿਆ ਦੇ ਵੱਖ–ਵੱਖ ਢੰਗਾਂ ਦਾ ਆਪਣੇ ਸ਼ਬਦਾਂ ਵਿਚ ਵਰਣਨ ਕਰੋ।

ਪ੍ਰਸ਼ਨ.3 ਸੰਮਿਲਨ ਸਿੱਖਿਆ ’ਚ ਪੜਾਉਣ ਦੀਆਂ ਕਲਾਵਾਂ ਤੋਂ ਕੀ ਭਾਵ ਹੈ? ਕਿਸੇ ਵੀ ਇਕ ਕਲਾਂ ਨੂੰ ਵਿਸਥਾਰ ’ਚ ਦੱਸੋ।

ਪ੍ਰਸ਼ਨ.4 ਕੋਪਰੇਟਿਵ ਸਿੱਖਿਆ ਤੋਂ ਤੁਸੀਂ ਕਿ ਸਮਝਦੇ ਹੋ? ਇਸ ਦੇ ਸਿਧਾਂਤ ਅਤੇ ਲਾਭ ਬਾਰੇ ਲਿਖੋ।

### 2.9 ਸੁਝਾਉ ਸਾਮਗ੍ਰੀ

Bucalos, A. L., & Lingo, A. S. (2005). Filling the potholes in the road to inclusion: Successful research-based strategies for intermediate and middle school students with mild disabilities. *Teaching Exceptional Children Plus*, 1(4).

Bryant, D. P. (1998). Using assistive technology adaptations to include students with learning disabilities in cooperative learning activities. Journal of Learning Disabilities, 31, 41-55.

Fuchs, D., Fuchs, L. S., & Burish, P. (2000). Peer assisted learning strategies: An evidenced-based practice to promote reading achievement. *Learning Disabilities Research and Practice, 15*(2), 85-91.

Fulk, B. M., & King, K. (2001). Classwide peer tutoring at work. *Teaching Exceptional Children, 34*, 49-53.

Gajria, M., Jitendra, A. K., Sood, S., & Sacks, G. (2007). Improving comprehension of expository text in students with LD: A research synthesis. *Journal of Learning Disabilities*, 40(3), 210-225.

Garmston, R., & Wellman, B. (2002). *The adaptive school: Developing and facilitating collaborative groups* (4th ed.). El Dorado Hills, CA: Four Hats Seminar.

Gillies. R.M., Ashman, A. F. (2000). The effects of cooperative learning on students with learning difficulties in the lower elementary school. Journal of Special Education, 34, 19-28.

Gordon, E. E. (2005). *Peer tutoring: A teacher's resource guide.* Lanham, MD: Scarecrow Education

House, J., Landis, K., & Umberson, D. (1988). Social relationships and health. *Science*, 241, 540-545.

Kagan, S., & Kagan, M. (2009). *Kagan cooperative learning*. San Clemente, CA: Kagan Publishing.

Mastropieri, M. A., & Scruggs, T. E. (2007). *The inclusive classroom: Strategies for effective instruction* (3rd ed., pp. 178-185). Upper Saddle River, NJ: Merrill/Prentice Hall.

McMaster. K. N., Fuchs, D. (2002). Effects of Cooperative Learning on the Academic Acheivemnet Students with Learning Disabilities: An Update of Tateyama-Sniezek's Review. Learning Disabilities Research & Practice, 17, 107-117.

Ncube, S. (2011). Peer-collaboration: An effective teaching strategy for inclusive classrooms. *The Journal of International Association of Special Education*,12(1), 79-81.

Prater, M. A., Bruhl, S., Serna, L. A. (1998). Aquiring social skills through cooperative learning and teacher-directed instruction. Remedial and Special Education, 19, 160-173.

Stevens, R. J., & Slavin, R. E. (1995). Effects of a cooperative learning approach in reading and writing on academically handicapped and non handicapped students. *Elementary School Journal*, 95(3), 241-262.

Tate, M. L. (2003). *Worksheets don't grow dendrites: 20 Instructional strategies that engage the brain*. Thousand Oaks, CA: Corwin Press.

ਪਾਠ ਨੰ: 1.3 ਲੇਖਿਕਾ: ਡਾ.ਸ਼ਰਮੀਲਾ

## ਪੜ੍ਹਾਉਣ ਦੀਆਂ ਕਲਾਵਾਂ: ਮਲਟੀਸੈਨਸਰੀ ਲਰਨਿੰਗ ਅਤੇ ਸੋਸ਼ਲ ਲਰਨਿੰਗ

**ਪਾਠ ਦੀ ਬਣਤਰ**

3.1 ਉਦੇਸ਼
3.2 ਭੂਮਿਕਾ: ਪੜ੍ਹਾਉਣ ਦੀਆਂ ਕਲਾਵਾਂ
 3.2.1 ਮਲਟੀਸੈਨਸਰੀ ਲਰਨਿੰਗ
 3.2.2 ਸ਼ੋਸ਼ਲ ਲਰਨਿੰਗ
3.3 ਮਲਟੀਸੈਨਸਰੀ ਲਰਨਿੰਗ (Multisensory Learning)
 3.3.1 ਬੁਨਿਆਦ ਜਾ ਉਤਪਤੀ
 3.3.2 ਮਲਟੀਸੈਨਸਰੀ ਲਰਨਿੰਗ ਦਾ ਅਰਥ
 3.3.3 ਮਲਟੀਸੈਨਸਰੀ ਲਰਨਿੰਗ ਕਰਨ ਦੇ ਵੱਖ-ਵੱਖ ਢੰਗ
 3.3.4 ਮਲਰੀਸੈਨਸਰੀ ਲਰਨਿੰਗ ਕਲਾ ਦੇ ਲਾਭ
3.4 ਸ਼ੋਸ਼ਲ ਲਰਨਿੰਗ (Social Learning)
 3.4.1 ਸ਼ੋਸ਼ਲ ਲਰਨਿੰਗ ਦੀ ਬੁਨਿਆਦ
 3.4.2 ਸ਼ੋਸ਼ਲ ਲਰਨਿੰਗ ਕਲਾ ਦਾ ਅਰਥ
 3.4.3 ਸ਼ੋਸ਼ਲ ਲਰਨਿੰਗ ਕਲਾ ਨੂੰ ਕਲਾਸਰੂਮ 'ਚ ਅਪਨਾਉਣ ਦੇ ਢੰਗ
 3.4.4 ਸ਼ੋਸ਼ਲ ਲਰਨਿੰਗ ਕਲਾ ਦੇ ਸਕੂਲ ਦੇ ਵਿਚ ਲਾਭ
3.5 ਸੰਮਿਲਨ ਸਿੱਖਿਆ ਦੀ ਸਿਰਜਣਾ ਲਈ ਸਹਾਇਕ ਵਾਤਾਵਰਣ ਨੂੰ ਬਣਾਉਣਾ
3.6 ਸਾਰਾਂਸ਼
3.7 ਸੁਝਾਵੇਂ ਪ੍ਰਸ਼ਨ
3.8 ਸੁਝਾਉ ਸਾਮਗ੍ਰੀ

### 3.1 ਉਦੇਸ਼ (Objectives)

**ਇਸ ਪਾਠ ਨੂੰ ਪੜਨ ਉਪਰੰਤ ਸਿੱਖਿਆਰਥੀ:**

1. ਸੰਮਿਲਨ ਸਿੱਖਿਆ 'ਚ ਪੜ੍ਹਾਉਣ ਦੀਆਂ ਦੋ ਕਲਾਵਾਂ ਬਾਰੇ ਜਾਣ ਸਕਣਗੇ।
2. ਮਲਟੀਸੈਨਸਰੀ ਲਰਨਿੰਗ ਅਤੇ ਸ਼ੋਸ਼ਲ ਲਰਨਿੰਗ ਦੀ ਉਤਪਤੀ ਬਾਰੇ ਯਾਦ ਕਰ ਸਕਣਗੇ।
3. ਮਲਟੀਸੈਨਸਰੀ ਲਰਨਿੰਗ ਅਤੇ ਸ਼ੋਸ਼ਲ ਲਰਨਿੰਗ ਦੇ ਵੱਖ-ਵੱਖ ਢੰਗਾਂ ਬਾਰੇ ਵਿਸਥਾਰ 'ਚ ਦੱਸ ਸਕਣਗੇ।
4. ਮਲਟੀਸੈਨਸਰੀ ਲਰਨਿੰਗ ਅਤੇ ਸ਼ੋਸ਼ਲ ਲਰਨਿੰਗ ਦੇ ਲਾਭ ਬਾਰੇ ਜਾਣੂ ਹੋ ਜਾਣਗੇ।
5. ਸੰਮਿਲਨ ਸਕੂਲ ਲਈ ਸਹਾਇਕ ਵਾਤਾਵਰਣ 'ਚ ਮੌਜੂਦ ਕਾਰਕਾ ਬਾਰੇ ਲਿੱਖ ਸਕਣਗੇ।

### 3.2 ਭੂਮਿਕਾ: ਪੜ੍ਹਾਉਣ ਦੀਆਂ ਕਲਾਵਾਂ (Introduction)

ਇਕ ਪੜ੍ਹਾਉਣ ਦੀ ਕਲਾ ਨਿਮਨਲਿਖਿਤ ਦੋ ਚੀਜਾ ਨਾਲ ਮਿਲ ਦੇ ਬਣਦੀ ਹੈ ਜਿਵੇਂ ਕਿ:

1. ਸਿਧਾਂਤ
2. ਢੰਗ

ਇਹਨਾ ਦੋਨਾਂ ਦੇ ਮੇਲ ਤੋਂ ਅਸੀ ਕਲਾਸਰੂਮ ਵਿਚ ਹਦਾਇਤਾ ਦਿੰਦੇ ਹਾਂ। ਵੱਖ-ਵੱਖ ਕਲਾਵਾਂ ਦੀ ਚੋਣ ਕਰਣ ਲਈ ਅਸੀ ਪੜਾਉਣ ਵਾਲੀ ਸੂਚਨਾ, ਕੋਸ਼ਲਾ, ਬੱਚਿਆ ਦੀ ਰੁਚੀ ਉੱਤੇ ਨਿਰਭਰ ਕਰਦੇ ਹਾਂ। ਇਸ ਪਾਠ 'ਚ ਅਸੀ ਮਲਟੀਸੈਨਸਰੀ ਲਰਨਿੰਗ ਅਤੇ ਸ਼ੋਸ਼ਲ ਲਰਨਿੰਗ ਬਾਰੇ ਪੜਾਂਗੇ।

**3.2.1 ਮਲਟੀਸੈਨਸਰੀ ਲਰਨਿੰਗ:** (Multisensory Learning)

ਇਸ ਤੋਂ ਇਹ ਭਾਵ ਹੈ ਕਿ ਇੱਕ ਬੱਚੇ ਨੂੰ ਇੱਕ ਤੋਂ ਜ਼ਿਆਦਾ ਸਹਿਜ ਬੁਧੀ ਦੀ ਵਰਤੋਂ ਨਾਲ ਪੜਾਉਣਾ। ਉਦਾਹਰਣ: ਜਿਨ੍ਹਾਂ ਬੱਚਿਆ ਨੂੰ ਕਿਤਾਬ ਪੜਨ ਸਮੇਂ ਮੁਸ਼ਕਿਲ ਆਉਂਦੀ ਹੈ ਉਹਨਾਂ ਲਈ ਜਜ਼ਰ ਸੁਨਣਾ, ਸੰਚਾਲਨ ਅਥੇ ਛੋਹ ਵਰਗੀ ਸਹਿਜ ਵਿਧੀਆਂ ਨਾਲ ਪੜਨਾ ਸੌਖਾ ਹੋ ਜਾਂਦਾ ਹੈ।

**3.2.2 ਸ਼ੋਸ਼ਲ ਲਰਨਿੰਗ (ਸਮਾਜਿਕ ਸਿੱਖਿਆ)** (Social learning)

ਸ਼ੋਸ਼ਲ ਲਰਨਿੰਗ ਤੋਂ ਭਾਵ ਹੈ ਸ਼ੋਸ਼ਲ ਕੋਸ਼ਲ ਜਾਂ ਸਮਾਜਿਕ ਕੌਸ਼ਲ। ਸਮਾਜਿਕ ਕੌਸ਼ਲਾਂ ਦੀ ਤਰਕੀ ਨਾਲ ਸਾਡੇ ਵਿਚ ਦੁਸਰਿਆ ਪ੍ਰਤੀ ਭਰੋਸਾ ਪੈਦਾ ਹੁੰਦਾ ਹੈ। ਸੰਮਿਲਨ ਸਿੱਖਿਆ 'ਚ ਇਹ ਘੱਟ ਯੋਗਤਾ ਵਾਲੇ ਬੱਚਿਆ ਦੇ ਅੰਦਰ ਸਕਾਰਾਤਮਕ ਸੋਚ ਪੈਦਾ ਕਰਦਾ ਹੈ ਜਿਸਦੇ ਫਲਸਵਰੂਪ ਇਹਨਾਂ ਨੂੰ ਕਲਾਸਰੂਮ ਅਤੇ ਕੰਮ ਦੀ ਥਾਂ ਤੇ ਸਫ਼ਲਤਾ ਪ੍ਰਾਪਤ ਹੁੰਦੀ ਹੈ।

ਉਦਾਹਰਣ: ਕਲਾਸਰੂਮ 'ਚ ਦੁਸਰਿਆ ਤੋਂ ਮਦਦ ਲੈਣੀ , ਸ਼ਾਂਤ ਸੁਭਾ 'ਚ ਗੱਲ ਕਰਨੀ ਅਤੇ ਆਪਣੇ ਦੋਸਤਾਂ ਲਈ ਚੰਗੇ ਕੰਮ ਕਰਨਾ।

3.3 ਮਲਟੀਸੈਨਸਰੀ ਲਰਨਿੰਗ (Multisensory Learning)

ਐਲਬਰਟ ਆਈਸਟਾਈਨ ਨੇ ਕਿਹਾ ਸੀ, ਕਿ ਅਸੀ ਅਨੁਭਵਾਂ ਤੋਂ ਜੋ ਕੁਝ ਵੀ ਸਿੱਖਿਦੇ ਹਾਂ ਉਹੀ ਅਸਲ 'ਚ ਗਿਆਨ ਪ੍ਰਾਪਤ ਕਰਨਾ ਹੁੰਦਾ ਹੈ ਇਸ ਤੋਂ ਇਲਾਵਾ ਸਾਰਾ ਕੁਝ ਸਿਰਫ਼ ਸੂਚਨਾ ਹੈ। ਸਾਨੂੰ ਪੜਾਉਣ ਅਤੇ ਪੜਨ ਦੇ ਸਮੇਂ ਆਪਣੀਆਂ ਇੰਦਰੀਆ ਦਾ ਪ੍ਰਯੋਗ 'ਚ ਲੈ ਕੇ ਆਉਣਾ ਚਾਹੀਦਾ ਹੈ।

3.3.1 ਮਲਟੀਸੈਨਸਰੀ ਲਰਨਿੰਗ ਦੀ ਉੱਤਪੱਤੀ

ਮਲਟੀਸੈਨਸਰੀ ਕਲਾ ਨੂੰ VAKT (Visual auditory Kinesthetic tactile) ਵੀ ਕਿਹਾ ਜਾਂਦਾ ਹੈ। ਵਿਅਕਤੀਗਤ ਭਿੰਨਤਾਵਾਂ, ਪੜਾਈ 'ਚ ਆਉਣ ਵਾਲੀਆ ਮੁਸੀਬਤਾਂ ਨੂੰ ਧਿਆਨ 'ਚ ਰੱਖਦੇ ਹੋਏ ਮਲਟੀਸੈਨਸਰੀ ਕਲਾ ਹੋਂਦ ਵਿਚ ਆਈ। ਇਸ ਤੋਂ ਇਹ ਮੰਨਿਆ ਜਾਂਦਾ ਹੈ ਕਿ ਸਿੱਖਿਆਰਥੀ ਉਸ ਸਮੇਂ ਸੱਭ ਤੋਂ ਵਧੀਆ ਸਿੱਖਦੇ ਹਨ ਜਦੋਂ ਸੂਚਨਾ ਨੂੰ ਚਾਰ ਪ੍ਰਤਿਰੂਪਾਂ 'ਚ ਪੇਸ਼ ਕੀਤਾ ਜਾਵੇਗਾ।

VAKT ਮਾੱਡਲ (ਦੇਖਣਾ-ਸੁਣਨਾ-ਕਿਰਿਆ-ਟੱਚ)

| | |
|---|---|
| VAKT ਮਾੱਡਲ ਨੂੰ ਵਾਰ ਵੱਕ-ਵੱਖ ਢੰਗਾਂ | Visual (ਦੇਖਣਾ) |
| 'ਚ ਵੰਡਿਆ ਗਿਆ ਹੈ ਜਿਵੇਂ ਕਿ ਕੋਈ | Auditory (ਸੂਚਨਾ) |
| ਸੂਚਨਾ ਨੂੰ ਪ੍ਰਾਪਤ ਅਤੇ ਉਸਨੂੰ | Kinesthetic (ਕਿਰਿਆ) |
| ਸਮਝਦਾ ਹੈ। | Touch (ਟੱਚ) |

3.3.2 ਮਲਟੀਸੈਨਸਰੀ ਲਰਨਿੰਗ ਦਾ ਅਰਥ

ਮਲਟੀਸੈਨਸਰੀ ਸ਼ਬਦ ਨਿਮਨਲਿਖਿਤ ਦੋ ਸ਼ਬਦਾਂ ਤੋਂ ਬਣਿਆ ਹੈ : "ਮਲਟੀ" ਅਤੇ "ਸੈਨਸਰੀ" "ਮਲਟੀ" ਤੋਂ ਭਾਵ ਹੈ ਕਿ ਇੱਕ ਤੋਂ ਜ਼ਿਆਦਾ ਅਤੇ "ਸੈਨਸਰੀ" ਮਤਲਬ "ਇੰਦਰੀਆ ਦਾ ਪ੍ਰਯੋਗ ਕਰਨਾ।" ਮਲਟੀਸੈਨਸਰੀ 'ਚ ਇਕ ਸਮੇਂ ਤੇ ਕਈ ਇੰਦਰੀਆ ਦੀ ਵਰਤੋਂ ਹੁੰਦੀ ਹੈ। ਅਧਿਆਪਨ 'ਚ ਇਸ ਕਲਾ ਦੀ ਵਰਤੋਂ

ਸਮੇਂ ਚਾਰ ਇਦਰੀਆ ਦਾ ਪ੍ਰਯੋਗ ਹੁੰਦਾ, ਤਾਂ ਕਿ ਬੱਚਿਆ ਦੀ ਯਾਦਾਸ਼ਤ ਅਤੇ ਸਿੱਖਿਆ 'ਚ ਵਾਧਾ ਹੋ ਸਕੇ। ਸੂਚਨਾ ਨੂੰ ਦਿਮਾਗ 'ਚ ਰੱਖਣ ਲਗਾਤਾਰ Visual (ਅਸੀ ਕਿ ਦੇਕਦੇ ਆਂ), Auditory (ਅਸ਼ੀ ਕਿ ਸੁਣਦੇ ਆਂ), Kinesthetic (ਕਿਸੇ ਵੀ ਤਰ੍ਹਾਂ ਦੀ ਕਿਰਿਆ) ਅਤੇ touch (ਟੱਚ ਜਾਂ ਛੋਹ) ਆਦਿ ਦੀ ਜ਼ਰੂਰਤ ਰਹਿੰਦੀ ਹੈ ਜਿਵੇਂ ਕਿ:

ਵਿਦਿਅਕ ਫਿਲਮਾਂ ਦਾ ਵੇਖਣਾ।

- ਕਲਾਸਰੂਮ 'ਚ ਕਿਤਾਬ ਨੂੰ ਉਚੀ ਬੋਲ ਕੇ ਪੜਨਾ।
- ਸ਼ਬਦਾਂ ਦੇ ਅਖਰਾਂ ਨੂੰ ਗਾ ਕੇ ਯਾਦ ਕਰਨਾ।
- ਬੱਚਿਆਂ ਦੇ ਜੁੱਟ ਮਿਲ ਕੇ ਕੁੱਝ ਮਨੋਰਮਜਨ ਦੀ ਕਿਰਿਆਵਾਂ ਕਰਨ।
- ਸਵਾਦ ਅਤੇ ਸੁੱਘਣ ਦੀਆ ਚੀਜ਼ਾ ਨੂੰ ਕਲਾਸਰੂਮ 'ਚ ਘੁਮਾਇਆ ਜਾਵੇ।
- ਕਿਸੇ ਵੀ ਚੀਜ਼ ਦੀ ਕਿਰਿਆ ਵਰਗੀ ਨਕਲ ਕਰ ਸਕਣਗੇ।

**ਉਦਾਹਰਣ:** ਅਸੀ ਗਰੁੱਪ 'ਚ ਬੱਚਿਆ ਨੂੰ ਕੋਈ ਵੀ ਚੀਜ਼ ਦੇ ਸਕਦੇ ਹਾਂ।

ਬੱਚਿਆ ਨੂੰ ਇਕ ਸੇਬ ਦੇ ਸਕਦੇ ਹਾਂ ਅਤੇ ਹਰ ਬੱਚਾ ਉਸਨੂੰ ਛੂ ਕੇ, ਸੁਘ ਕੇ ਅਤੇ ਚੱਕ ਕੇ ਦੇਖੇਗਾ। ਫੇਰ ਸਾਰੇ ਵਿੱਦਿਆਰਥੀ ਉਸ ਉੱਤੇ ਵਿਸਥਾਰ 'ਚ ਕੁੱਜ ਸ਼ਬਦ ਲਿੱਖ ਕੇ ਇਸ ਪ੍ਰਕਿਰਿਆ ਨੂੰ ਪੂਰਾ ਕਰ ਸਕਣਗੇ।

ਮਲਟੀਸੈਨਸਰੀ ਲਰਨਿੰਗ ਇਕ ਦਿਲਚਸਪੀ ਬਰਿਆ ਤਜਰਬਾ ਸਾਬਿਤ ਹੁੰਦਾ ਹੈ। ਬੱਚੇ ਇਸ ਨਾਲ ਮਨੋਰੰਜਨ ਕਰਦੇ ਹਨ ਅਤੇ ਨਾਲ ਹੀ ਪੜਾਈ 'ਚ ਨਿਪੁੰਨਤਾ ਹਾਸਿਲ ਕਰਦੇ ਹਨ।

3.3.3 ਮਲਟੀਸੈਨਸਰੀ ਲਰਨਿੰਗ ਕਰਨ ਦੇ ਵੱਖ-ਵੱਖ ਢੰਗ:

ਵੱਲ਼-ਵੱਖ ਢੰਗਾਂ ਦੇ ਨਾਲ ਬੱਚਿਆ ਦੀ ਲਰਨਿੰਗ ਰਚਨਾਤਮਕ, ਆਸਾਨ ਅਤੇ ਜ਼ਿਆਦਾ ਦੇਰ ਤੱਕ ਯਾਦ ਰਹਿਣ ਵਾਲੀ ਬਣ ਜਾਂਦੀ ਹੈ। ਕੁੱਝ ਢੰਗ ਇਸ ਪ੍ਰਕਾਰ ਦੇ ਹਨ:

1. ਦੇਖਣ ਵਾਲੇ ਤੱਤਾਂ (Visual Elements) ਦੀ ਵਰਤੋਂ:
    - ਪੋਸਟਰ, ਜ਼ਰੂਰੀ ਸ਼ਬਦਾ ਅਤੇ ਬੱਚਿਆ ਦੇ ਕੰਮ ਨੂੰ ਨੋਟਿਸ ਬੋਰਡ ਉੱਤੇ ਵਿਖਾਇਆ ਜਾਵੇ।
    - ਫ਼ਿਲਮ, ਵੀਡੀਓ ਅਤੇ ਸੰਕੇਤ ਵਾਲੀ ਭਾਸ਼ਾ ਦੀ ਵਰਤੋ।
    - ਰੰਗਾ ਦੀ ਵਰਤੋ ਨਾਲ ਜ਼ਰੂਰੀ ਚੀਜ਼ਾ ਨੂੰ ਰੰਗੀਨ ਬਣਾਇਆ ਜਾਵੇ।
2. ਸੁਣਨ ਵਾਲੇ (Auitory techniques) ਦੀ ਵਰਤੋ:
    - ਵਿਚਾਰ-ਵਟਾਦਰਾ।
    - ਦੋਸਤਾਂ ਦੇ ਰਾਹੀ ਚੀਜ਼ਾ ਨੂੰ ਵਿਸਥਾਰਪੂਰਵਕ ਦੱਸਿਆ ਜਾਵੇ।
    - ਕਲਾਸਰੂਮ 'ਚ ਚੀਜਾਂ ਨੂੰ ਉਚੀ ਪੜਿਆ ਜਾਵੇ।
    - ਫੋਨ ਦੀ ਵਰਤੋਂ ਨਾਲ।
    - ਸੰਗੀਤ, ਆਵਾਜ਼ ਵਾਲੀਆਂ ਖੇਡਾਂ ਆਦਿ।
    - ਡੀਜੀਟਲ ਕੈਮਰਾ ਅਤੇ ਆਵਾਜ਼ ਨੂੰ ਰਿਕੋਰਡ ਕਰਨ ਵਾਲਾ ਯੰਤਰ।
3. ਕਿਰਿਆ ਵਾਲੇ (Kinesthetic) ਤੱਤਾਂ ਦੀ ਵਰਤੋਂ:
    - ਕਲਾਸਰੂਮ 'ਚ ਅਧਿਆਪਕ ਰਾਹੀ ਘੁਮ ਕੇ ਅਤੇ ਬੱਚਿਆ ਦੀ ਸੀਟਾ ਨੂੰ ਬਦਲ ਕੇ।
    - ਪ੍ਰੈਕਟੀਕਲ ਕਿਰਿਆਵਾਂ।
    - ਕਿਸੇ ਵੀ ਵਿਅਕਤੀ ਦੀ ਭੂਮਿਕਾ ਨਿਭਾ ਕੇ ਉਸ ਗੁਣ ਅਤੇ ਔਗੁਣਾ ਬਾਰੇ ਦੱਸਣਾ।
    - ਕਿਰਿਆ ਦੇ ਕੁਝ ਕ੍ਰਮ।
4. ਟੱਚ (Touch) ਕਰਕੇ ਚੀਜ਼ ਸਿਖਾਉਣ ਵਾਲੇ ਤੱਤ:

- ਛੋਟੀਆ ਚੀਜ਼ਾਂ ਨਾਲ ਹਿਸਾਬ ਦੇ ਸਵਾਲ ਕਰਾਉਣੇ।
- ਪੇਨ, ਪੇਪਰ, ਰੰਗਵੇ ਪੇਪਰ, ਮਿਟੀ ਆਦਿ ਚੀਜ਼ਾ ਦੀ ਮਦਦ ਨਾਲ।

5. ਮਲਟੀਮੀਡੀਆ ਅਤੇ ਇਸ ਕਲਾ ਨੂੰ ਨਿਭਾਉਣ ਵਾਲੇ ਮਾਹੀਰਾ ਦੀ ਮਦਦ ਨਾਲ ਵੀ ਮਲਟੀਸੈਨਸਰੀ ਲਰਨਿੰਗ ਨੂੰ ਕਾਮਯਾਬ ਬਣਾ ਸਕਦੇ ਹਾਂ।

### 3.3.4 ਮਲਟੀਸੈਨਸਰੀ ਲਰਨਿੰਗ ਕਲਾ ਦੇ ਲਾਭ (Benefits of Multisensory Strategy)

1. ਇਹ ਕਲਾ ਸਾਡੇ ਸਾਰਿਆ ਲਈ ਹੀ ਲਾਭਦਾਇਕ ਹਨ, ਪਰ ਖਾਸ ਤੌਰ ਦੇ ਡਿਸਲੈਕਸੀਆ ਪੀੜੀਤ ਬੱਚਿਆ ਲਈ ਫਾਇਦੇਮੰਦ ਹੈ।
2. ਖਾਸ ਤੌਰ ਤੇ ਛੋਟੇ ਬੱਚਿਆ ਲਈ ਵੀ ਮਦਦਕਾਰ ਹੈ।
3. ਬੱਚੇ ਆਪਣੀ ਪੜਾਈ ਅਤੇ ਰੋਜ਼ਾਨਾ ਆਉਣ ਵਾਲੀਆ ਮੁਸੀਬਤਾਂ ਨੂੰ ਹੱਲ ਕਰ ਸਕਣਗੇ।
4. ਬਿਨ੍ਹਾਂ ਬੋਲੇ ਹੀ ਮੁਸੀਬਤ ਨੂੰ ਹੱਲ ਕਰਨ ਦੇ ਕੌਸ਼ਲ ਸਿੱਖ ਸਕਣਗੇ।

### 3.4 ਸ਼ੋਸ਼ਲ ਲਰਨਿੰਗ (ਸਮਾਜਿਕ ਸਿੱਖਿਆ) (Social learning)

ਸ਼ੋਸ਼ਲ ਲਰਨਿੰਗ 'ਚ ਅਸੀ ਸਮਾਜ 'ਚ ਰੱਲ-ਮਿਲ ਕੇ ਰਹਿਣ ਵਾਲੇ ਕੌਸ਼ਲਾਂ ਬਾਰੇ ਗੱਲ ਕਰਦੇ ਹਾਂ।

### 3.4.1 ਸ਼ੋਸ਼ਲ ਲਰਨਿੰਗ ਦੀ ਬੁਨਿਆਦ:

ਅੱਜ ਸੰਮਿਲਨ ਸਕੂਲਾਂ ਦੀ ਸਿਰਜਣਾ ਅਤੇ ਇਸ ਨੂੰ ਕਾਇਮ ਰੱਖਣ ਲਈ ਲਗਾਤਾਰ ਇਕ ਚੁਨੌਤੀ ਸਾਡੇ ਨਾਲ-ਨਾਲ ਚੱਲਦੀ ਰਹਿੰਦੀ ਹੈ। ਇਹ ਚੁਨੌਤੀ ਹੈ ਘੱਟ ਯੋਗਤਾ ਅਤੇ ਯੋਗਤਾ ਵਾਲੇ ਬੱਚਿਆਂ ਲਈ ਆਪਸ ਵਿਚ ਦੋਸਤੀ ਅਤੇ ਭਾਈਚਾਰੇ ਨੂੰ ਕਾਇਮ ਰੱਖਣਾ। ਤੁਸੀ ਘੱਟ ਯੋਗਤਾਂ ਵਾਲੇ ਬੱਚਿਆ ਦੇ ਮਾਤਾ-ਪਿਤਾ ਨੂੰ ਪੁੱਛ ਕੇ ਦੇਖੋ ਤੁਰੰਤ ਹੀ ਤੁਹਾਨੂੰ ਇਸ ਦੇ ਮਾੜੇ ਨਤੀਜੇ ਮਿਲ ਜਾਣਗੇ। ਸੰਮਿਲਨ ਸਕੂਲਾਂ 'ਚ ਤੁਸੀ ਇਹ ਵੀ ਦੇਖ ਸਕਦੇ ਹੋ ਕਿ ਖਾਸ ਜ਼ਰੂਰਤਾਂ ਵਾਲੇ ਬੱਚਿਆ ਦੇ ਘੱਟ ਤੋ ਗੱਟ ਦੋਸਤ ਹੋਣਗੇ।

ਸਾਨੂੰ ਐਲਬਰਟ ਬਨਡੂਰਾ ਨੇ ਇਸ ਸ਼ੋਸ਼ਲ ਲਰਨਿੰਘ ਥਿਊਰੀ ਨਾਲ ਜਾਣੂ ਕਰਵਾਇਆ ਸੀ। ਇਸ ਥਿਊਰੀ ਦੇ ਕੁਝ ਸਿਧਾਂਤ ਇਸ ਪ੍ਰਕਾਰ ਸਨ:

1. ਅਸੀ ਸਾਰੇ ਇੱਕ ਦੂਸਰੇ ਦੇ ਵਿਹਾਰ ਤੋਂ ਅਤੇ ਇਸ ਵਿਹਾਰ ਦੇ ਨਤੀਜਿਆਂ ਤੋਂ ਬਹੁਤ ਕੁੱਝ ਸਿੱਖਦੇ ਹਾਂ।
2. ਜਦੋਂ ਅਸੀ ਕੁੱਝ ਸਿੱਖਦੇ ਹਾਂ, ਤਾਂ ਇਹ ਜਰੂਰੀ ਨਹੀ ਕੀ ਸਾਡੇ ਵਿਹਾਰ 'ਚ ਕੁੱਝ ਵੱਖਰਾ ਨਜ਼ਰ ਆਵੇਗਾ।
3. ਬੋਧ-ਸ਼ਕਤੀ ਦਾ ਸਿੱਖਣ 'ਚ ਵੱਡਾ ਯੋਗਦਾਨ ਹੈ।

### 3.4.2 ਸ਼ੋਸ਼ਲ ਲਰਨਿੰਗ ਦਾ ਅਰਥ: (Meaning of Social learning)

ਸਮਾਜਿਕ ਰਿਸ਼ਤਿਆਂ ਦਾ ਸਾਡੀ ਸਿੱਖਣ ਪ੍ਰਕਿਰਿਆ ਅਤੇ ਕਲਾਸਰੂਮ ਦੇ ਵਾਤਾਵਰਣ 'ਚ ਅਹਿਮ ਭੂਮਿਕਾ ਹੈ। ਸ਼ੋਸ਼ਲ ਲਰਨਿੰਗ ਤੋਂ ਭਾਵ ਹੈ ਕਿ ਦੇਖਣ ਵਾਲੇ ਦਾ ਸੁਬਾਅ ਦੁਸਰਿਆ ਦੇ ਵਿਹਾਰ ਨੂੰ ਦੇਖ ਕੇ ਬਦਲਦਾ ਹੈ। ਇਹ ਵਿਹਾਰ ਸਕਾਰਾਤਮਕ (ਪੋਸਟਿਵ) ਜਾਂ ਨਕਾਰਤਮਕ (ਨੈਗਟਿਵ) ਸੋਚ ਨਾਲ ਜੁੜਿਆਂ ਹੈ। ਜਿਵੇਂ ਦਾ ਬੱਚਾ ਕਲਾਸਰੂਮ 'ਚ ਆਪਣੇ ਦੋਸਤ ਜਾਂ ਅਧਿਆਪਕ ਨੂੰ ਦੇਖਦਾ ਹੈ ਉਸੇ ਤਰ੍ਹਾਂ ਦੀਆਂ ਤਬਦੀਲੀਆਂ ਉਸਦੇ ਵਿਹਾਰ 'ਚ ਵੀ ਆਉਂਦੀਆ ਹਨ।

ਉਦਾਹਰਣ: ਦਰਸ਼ਕ ਸਿਰਫ਼ ਨਿਮਨਲਿਖਿਤ ਵਿਹਾਰਾਂ ਵੱਲ ਹੀ ਖਿੱਚ ਮਹਿਸੂਸ ਕਰਦੇ ਹਨ ਜੇਕਰ ਮੋਡਲ 'ਚ ਕੋਈ ਹੁਨਰ, ਹੁਸ਼ਿਆਰੀ, ਜ਼ੋਰ, ਅੱਛਾ ਦਿਖਣ ਵਾਲਾ ਜਾਂ ਸਾਰੇ ਹੀ ਬੱਚਿਆਂ 'ਚ ਮਸ਼ਹੁਰ ਹੋਵੇ।

### 3.4.3 ਸ਼ੋਸ਼ਲ ਲਰਨਿੰਗ ਕਲਾ ਨੂੰ ਕਲਾਸਰੂਮ 'ਚ ਅਪਨਾਉਣ ਦੇ ਢੰਗ

ਸਾਰੇ ਹੀ ਅਧਿਆਪਕ ਇਸ ਚੀਜ ਨਾਲ ਜਾਣੂ ਹਨ ਕਿ ਬੱਚਿਆਂ ਦੀ ਸ਼ੋਸ਼ਲ ਲਰਨਿੰਗ 'ਚ ਸੁਧਾਰ ਲੈ ਕੇ ਆਉਣ ਲਈ ਬਹੁਤ ਹੀ ਮੁਸ਼ਕਿਲਾਂ ਆਉਂਦੀਆਂ ਹਨ। ਜਿਵੇਂ ਕਿ ਕੁੱਝ ਲੋਕਾਂ ਦਾ ਘੱਟ ਅਯੋਗਤਾ ਵਾਲੇ ਬੱਚਿਆ ਲਈ ਬੁਰਾ ਵਿਹਾਰ, ਨਕਾਰਾਤਮਕ ਸੋਚ, ਪੀਅਰ (peer) ਗਰੁਪਾਂ ਵਲੋਂ ਸਾਥ ਨਾ ਮਿਲਣਾ, ਪਰਿਵਾਰਿਕ ਮੁਸ਼ਕਿਲਾਂ ਅਤੇ ਬੋਧਿਕ ਯੋਗਤਾਵਾਂ ਵਿਚ ਕਮੀ।

ਸੰਮਿਲਨ ਨੂੰ ਕਾਮਯਾਬ ਬਣਾਉਣ ਲਈ ਸਾਨੂੰ ਘੱਟ ਯੋਗਤਾ ਵਾਲੇ ਬੱਚਿਆ ਨੂੰ ਸਾਧਾਰਣ ਕਾਲਸਰੂਮ ਦਾ ਅਹਿਮ ਭਾਗ ਬਣਾਉਣਾ ਹੈ। ਇਸ ਨਾਲ ਜ਼ਰੂਰਤਾਂ ਵਾਲੇ ਬੱਚਿਆ ਦੇ ਅੰਦਰ ਸਵੈ-ਸਤਿਕਾਰ 'ਚ ਵਾਧਾ ਹੁੰਦਾ ਹੈ। ਇਸ ਨਾਲ ਬੱਚੇ ਜਲਦੀ ਹੀ ਨਵੀਂ ਸ਼੍ਰੇਣੀਆਂ ਵਿਖੇ ਆਪਣੇ ਆਪ ਨੂੰ ਢਾਲ ਲੈਂਦੇ ਹਨ। ਇਸ ਦੇ ਇਲਾਵਾ ਸਾਨੂੰ ਯੋਗਤਾ ਵਾਲੇ ਬੱਚਿਆ ਨੂੰ ਆਪਣੀ ਕਲਾਸ ਦੇ ਨਵੇਂ ਬੱਚਿਆ ਪ੍ਰਤੀ ਅਤੇ ਉਹਨਾਂ ਦੀਆਂ ਲੋੜਾ ਲਈ ਜਾਗਰੁਕ ਕਰਨਾ ਚਾਹੀਦਾ ਹੈ। ਅਧਿਆਪਕ ਵੀ ਸੰਮਿਲਨ ਕਲਾਸਰੂਮ 'ਚ ਵੱਖ-ਵੱਖ ਢੰਗ ਅਪਣਾ ਕੇ ਅਯੋਗਤਾ ਵਾਲੇ ਬੱਚਿਆ ਦੀ ਮਦਦ ਕਰ ਸਕਦੇ ਹਨ ਜਿਵੇਂ ਕਿ:

1. ਸਕੂਲੀ ਕਾਉਂਸਲਰਾ ਜਾਂ ਮਨੋਵਿਗਿਆਨਿਕਾਂ ਪ੍ਰਤੀ ਜ਼ਿੰਮੇਦਾਰੀਆ: ਇਹਨਾਂ ਦੀ ਮਦਦ ਨਾਲ ਅਸੀ ਅਪੰਗ ਬੱਚਿਆਂ ਦੇ ਸਾਥੀਆਂ 'ਚ ਅੰਗਹੀਨਤਾ ਬਾਰੇ ਵਿਚਾਰ-ਵਟਾਂਦਰਾ ਕਰ ਸਕਦੇ ਹਾਂ ਅਤੇ ਨਵੇਂ ਬੱਚਿਆ ਲਈ ਸ਼੍ਰੇਣੀਆਂ, ਪਾਠਕ੍ਰਮ ਆਦਿ ਬਣਾਉਣ 'ਣ ਸਮੱਰਥ ਹੋ ਸਕਦੇ ਹਾਂ।
2. ਕੌਪਰੇਟਿਵ ਗਰੁਪ ਲਰਨਿੰਗ: ਸਿੱਖਿਆਰਥੀਆਂ ਨੂੰ ਇਕ ਜੋਟੀ 'ਚ ਵੰਡ ਕੇ ਵੱਖ-ਵੱਖ ਤਰ੍ਹਾਂ ਦੀਆਂ ਖੇਡਾਂ,ਪ੍ਰੋਜੈਕਟ 'ਚ ਸ਼ਾਮਿਲ ਕਰਕੇ ਉਹਨਾਂ ਦੇ ਵਿਚਾਰਾ ਅਤੇ ਸਾਮਗ੍ਰੀ ਨੂੰ ਇਕ ਦੂਸਰੇ ਨਾਲ ਸਾਂਝਾਂ ਕਰਨ ਦੀ ਸਿੱਖਿਆ ਪ੍ਰਦਾਨ ਕਰ ਸਕਦੇ ਹਾਂ।
3. ਭਰੋਸੇ ਯੋਗ ਸਲਾਹਕਾਰ: ਕਲਾਸਰੂਮ ਦੀ ਗਤੀਵਿਧਿਆਂ ਅਤੇ ਕਿਰਿਆਵਾਂ ਲਈ ਇਕ ਭਰੋਸੇ ਯੋਗ ਸਲਾਹਕਾਰ ਦਾ ਹੋਣਾ ਲਾਜ਼ਮੀ ਹੈ। ਸਲਾਹਕਾਰ ਦੀ ਮਦਦ ਨਾਲ ਅਯੋਗਦਤਾ (Disability) ਵਾਲੇ ਬੱਚਿਆ ਨੂੰ ਸਹਾਰਾ ਦੇ ਸਕਦੇ ਹਾਂ ਅਤੇ ਹੌਸਲਾ ਵਧਾ ਸਕਦੇ ਹਾਂ ਇਸ ਨਾਲ ਉਹ ਨਵੇਂ ਕਲਾਸਰੂਮ 'ਚ ਆਉਣ ਵਾਲੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਕਾਬਿਲ ਬਣ ਜਾਣਗੇ।
4. ਹਾਜ਼ਰੀ ਲੈਣਾ: ਨਵੇਂ ਬੱਚਿਆ ਦੀ ਰੋਜ਼ਾਨਾ ਹਾਜ਼ਰੀ ਲੈਣਾ ਅਤੇ ਉਹਨਾਂ ਦੇ ਵੱਖਰੇ ਕੰਮ ਨੂੰ ਬੁਲੇਟਿਨ ਬੋਰਡ ਤੇ ਲਗਾਉਣ ਨਾਲ ਬੱਚਿਆ ਦੀ ਸਵੈ-ਸ਼ਕਤੀ 'ਚ ਵਾਧਾ ਹੁੰਦਾ ਹੈ।
5. ਸਕੂਲੀ ਪ੍ਰਕਿਰਿਆਵਾਂ: ਸਕੂਲ ਵਿਖੇ ਇੱਕਠੇ ਬੈਠ ਕੇ ਲੰਚ ਕਰਣ ਦੀ ਰੀਤੀ ਅਤੇ ਦੁਪਿਹਰ ਵੇਲੇ ਅੱਧੀ ਛੁੱਟੀ ਦੇ ਸਮਾਂ ਬੱਚਿਆ ਵਿੱਖੇ ਸਮਾਜਿਕ ਕੌਸ਼ਲਾ 'ਚ ਵੀ ਤੱਰਕੀ ਹੁੰਦੀ ਹੈ।
6. ਲੋੜ ਤੋਂ ਬਿਨ੍ਹਾਂ ਪ੍ਰਤੀਯੋਗਤਾ: ਬੱਚਿਆ ਨੂੰ ਲੋੜ ਤੋਂ ਬਿਨ੍ਹਾਂ ਪ੍ਰਤੀਯੋਗਤਾਵਾਂ ਨਹੀਂ ਕਰਾਉਣੀ ਚਾਹੀਦੀ ਹੈ ਬਲਕਿ ਜ਼ਿਆਦਾ ਤੋਂ ਜ਼ਿਆਦਾ ਕਿਰਿਆਵਾਂ ਕਰਾਉਣ ਦੀ ਲੋੜ ਹੈ ਜਿਸ ਨਾਲ ਬੱਚਿਆਂ ਦਾ ਹੋਂਸਲਾ ਵੱਧ ਸਕੇ।
7. ਫੀਡਬੈਕ : ਰੋਜ਼ਾਨਾ ਬੱਚਿਆ ਨੂੰ ਆਪਣੇ ਕਲਾਸ 'ਚ ਹੋਏ ਅਨੁਭਵ ਬਾਰੇ ਫੀਡਬੈਕ ਦੇਣ ਦੇ ਮੌਕੇ ਪ੍ਰਦਾਨ ਕਰਨੇ ਚਾਹੀਦੇ ਹਨ ਅਤੇ ਉਹਨਾਂ ਦੀਆਂ ਪਰੇਸ਼ਾਨੀਆ ਦਾ ਤੁਰੰਤ ਹੀ ਹੱਲ ਕਰਨਾ ਚਾਹੀਦਾ ਹੈ।
8. ਰੌਲ ਕਿਰਿਆ: ਕਲਾਸਰੂਮ ਵਿੱਖੇ ਬੱਚੇ ਉਸ ਸ਼ੋਸ਼ਲ ਕੋਸ਼ਲ ਦੀ ਰੌਲ ਕਿਰਿਆ ਕਰਣ ਜਿਸ 'ਚ ਉਹ ਆਪਣੇ ਆਪ ਨੂੰ ਨਿਪੁੰਨ ਨਹੀਂ ਸਮਝਦੇ ਹਨ।

### 3.4.4 ਸ਼ੋਸ਼ਲ ਲਰਨਿੰਗ ਕਲਾ ਦੇ ਸਕੂਲ ਦੇ ਵਿਚ ਲਾਭ

1. ਸ਼ੋਸ਼ਲ ਲਰਨਿੰਗ ਕਲਾ ਦੀ ਮਦਦ ਨਾਲ ਸਹਿਕਾਰੀ ਸਿੱਖਣ 'ਚ ਵੀ ਵਾਧਾ ਹੁੰਦਾ ਹੈ।
2. ਸਕਾਰਾਤਮਕ ਸਮਾਜਿਕ ਰਿਸ਼ਤੇ ਵੀ ਬੰਨਦੇ ਹਨ।
3. ਸਵੈ-ਨਿਰਭਰ ਅਤੇ ਸਵੈ-ਸ਼ਕਤੀ ਆਦਿ ਗੁਣਾਂ ਦਾ ਵੀ ਵਿਕਾਸ ਹੁੰਦਾ ਹੈ।
4. ਅਯੋਗਤਾ ਵਾਲੇ ਬੱਚੇ ਆਪਣੇ ਵਿਹਾਰ 'ਚ ਆਉਣ ਵਾਲੀਆਂ ਸੱਮਸਿਆਵਾਂ ਨੂੰ ਵੀ ਹੱਲ ਕਰ ਲੈਂਦੇ ਹਨ।

5. ਸਕੂਲਾਂ ਅਤੇ ਕੰਮ ਦੀ ਥਾਂ ਤੇ ਸੰਮਿਲਨ ਸਿੱਖਿਆ ਦੀ ਮਦਦ ਨਾਲ ਸਫਲਤਾ ਹਾਸਿਲ ਕਰਦੇ ਹਨ।

### 3.5 ਸੰਮਿਲਨ ਸਿੱਖਿਆ ਦੀ ਸਿਰਜਣਾ ਲਈ ਸਹਾਇਕ ਵਾਤਾਵਰਣ ਨੂੰ ਬਣਾਉਣਾ:

ਅਧਿਆਪਕਾਂ ਦਾ ਸੰਮਿਲਨ ਸਿੱਖਿਆ ਦੀ ਸਿਰਜਣਾ ਲਈ ਸਹਾਇਕ ਵਾਤਾਵਰਣ ਨੂੰ ਬਣਾਉਣ 'ਚ ਬਹੁਤ ਹੀ ਅਹਿਮ ਰੋਲ ਹੈ। ਕਿਉਂਕਿ ਭੌਤਿਕ ਅਤੇ ਸਮਾਜਿਕ ਵਾਤਾਵਰਣ ਹੀ ਬੱਚੇ ਦੇ ਸਿੱਖਣਾ ਨੂੰ ਵਧੀਆਂ ਜਾਂ ਬੁਰਾ ਬਣਾਉਂਦੇ ਹਨ। ਇਸ ਲਈ ਸਿਰਫ਼ ਅਧਿਆਪਕ ਹੀ ਕਲਾਸਰੂਮ ਦੇ ਹਾਨੀਆ ਨਾਲ ਭਰੇ ਵਾਤਾਵਰਣ ਨੂੰ ਲਾਭ 'ਚ ਬਦਲ ਸਕਦਾ ਹੈ। ਇਸ ਪ੍ਰਕਾਰ ਮਿਨਲਿਖਿਤ ਪੱਖਾਂ ਦਾ ਹੋਣਾ ਬਹੁਤ ਜ਼ਰੂਰੀ ਹੈ:

**1. ਸਾਧਨਾ ਤੱਕ ਪਹੁੰਚ:**

ਕਲਾਸਰੂਮ 'ਚ ਬਹੁਤ ਹੀ ਘੱਟ ਸਮਗ੍ਰੀ ਦੀ ਜ਼ਰੂਰਤ ਹੁਦੀ ਹੈ ਇਸ ਲਈ ਅਧਿਆਪਕਾਂ ਨੂੰ ਚਾਰਟ, ਮਾੱਡਲ, ਪ੍ਰਦਰਸ਼ਨੀ ਦਾ ਸਮਾਨ ਅਤੇ ਅੰਗਹੀਨਤਾ ਵਾਲੇ ਬੱਚਿਆ ਲਈ ਸਹਿਯੋਗੀ ਸਾਧਨਾ ਦਾ ਇੰਤਜ਼ਾਮ ਕਰਕੇ ਰੱਖਣਾ ਜ਼ਰੂਰੀ ਹੈ। ਇਹਨਾਂ ਸਾਧਨਾਂ ਤੋਂ ਸੰਮਿਲਨ ਕਲਾਸਰੂਮ ਦੀ ਸਿਰਜਣਾ ਸੰਭਵ ਹੈ।

2. ਇੱਕ ਤਰਫ਼ਾ ਝੁਕਾਉ ਜਾਂ ਪੱਖਪਾਤ ਨੂੰ ਖ਼ਤਮ ਕਰਨਾ: ਲਗਾਤਾਰ ਹੋ ਰਹੀ ਖੋਜ ਤੋਂ ਇਹ ਪਤਾ ਚੱਲਦ ਾਹੇ ਕਿ ਅਧਿਆਪਕ ਹੀ ਗੱਟ ਅਯੋਗਤਾ ਵਾਲੇ ਬੱਚਿਆ ਦੀ ਜ਼ਿੰਦਗੀ 'ਚ ਸਕਾਰਾਤਮਕ ਫ਼ਰਕ ਲੈ ਕੇ ਆ ਸਕਦੇ ਹਨ। ਜਦੋਂ ਇਕ ਅਧਿਆਪਕ ਬੱਚਿਆ ਪ੍ਰਤੀ ਪਿਆਰ ਅਤੇ ਸਹਿਯੋਗੀ ਢੰਗ ਨਾਲ ਵਿਹਾਰ ਕਰਦੇ ਹਨ, ਉਦੋਂ ਬੱਚੇ ਆਪਣੀ ਸ਼੍ਰੇਣੀ ਨੂੰ ਪਸੰਦ ਕਰਦੇ ਹਨ।

3. ਸੰਮਿਲਨ ਕਲਾਸਰੂਮ ਦੀ ਢਾਂਚਾ: ਅਯੋਗਤਾ ਹੋਣਾ ਕੋਈ ਕਮੀ ਨਹੀਂ ਹੈ ਇਹ ਕਮੀ ਉਸ ਸਮੇਂ ਬਣਦੀ ਹੈ ਜਦੋਂ ਸਮਾਜ ਇਨ੍ਹਾਂ ਬੱਚਿਆ ਪ੍ਰਤੀ ਸਹਾਇਕ ਵਾਤਾਵਰਣ ਦੇਣ 'ਚ ਅਸਮਰਥ ਹੋ ਜਾਂਦੇ ਹਨ। ਅਧਿਆਪਕ ਨੂੰ ਮੰਮਿਲਨ ਕਲਾਸਰੂਮ ਲਈ ਸਹਾਇਕ ਵਾਤਾਵਰਣ ਪ੍ਰਦਾਨ ਕਰਨਾ ਚਾਹੀਦਾ ਹੈ ਜਿਸ ਨਾਲ ਬੱਚੇ ਘਰ ਵਰਗਾ ਮਹਿਸੂਸ ਕਰਣ।

4. ਸਿੱਖਿਆ ਦੀਆਂ ਤਕਨੀਕਾਂ: ਅਧਿਆਪਕ ਨੂੰ ਬੱਚੇ ਦੇ ਗੁਣਾਂ ਅਤੇ ਸਭਿਆਚਰਕ ਮਾਹੌਲ ਨੂੰ ਧਿਆਨ 'ਚ ਰੱਖਦੇ ਹੋਏ ਸਿੱਖਿਆ ਦੀਆਂ ਤਕਨੀਕਾਂ ਨੂੰ ਵਰਤੋਂ 'ਚ ਲੈ ਕੇ ਆਉਣਾ ਚਾਹੀਦਾ ਹੈ। ਜਿਵੇਂ ਕਿ ਕੌਪਰੇਟਿਵ ਲਰਨਿੰਗ, ਰੱਲ-ਮਿਲ ਕੇ ਖੇਡਣਾ ਆਦਿ।

5. ਸਹਿਯੋਗੀ ਸੇਵਾਵਾਂ: ਸਹਿਯੋਗੀ ਸੇਵਾ ਲਈ ਅਧਿਆਪਕ ਨੂੰ ਜ਼ਰੂਰਤ ਤੋਂ ਜ਼ਿਆਾਦਾ ਕੋਸ਼ਿਸ਼ ਕਰਨ ਦੀ ਲੋੜ ਹੈ। ਜਿਸ ਨਾਲ ਬੱਚੇ ਬਿਨ੍ਹਾ ਕਿਸੇ ਡਰ ਕਲਾਸਰੂਮ 'ਚ ਪ੍ਰਸ਼ਨ ਪੁੱਛ ਸਕਦੇ ਹਨ ਅਤੇ ਕਦੇ ਵੀ ਬੱਚਿਆ ਨੂੰ ਗਲਤ ਨਾਮ ਨਾਲ ਲੇਬਲ ਨਹੀ ਕਰਨਾ ਚਾਹੀਦਾ ਹੈ।

6. ਉਮੀਦਾ ਨੂੰ ਸਾਂਝਾ ਕਰਨਾ: ਘੱਟ ਯੋਗਤਾ ਵਾਲੇ ਬੱਚੇ ਅਧਿਆਪਕ ਤੇ ਵਿਸ਼ਵਾਸ ਪੈਦਾ ਹੋਣ ਤੇ ਆਪਣੀਆ ਉਮੀਦਾ ਨੂੰ ਸਾਂਝਾ ਕਰ ਸਕਦੇ ਹਨ। ਇਸ ਨਾਲ ਬੱਚੇ ਦਿਮਾਗੀ ਪਰੇਸ਼ਾਨੀ ਤੋਂ ਵੀ ਬੱਚ ਸਕਦੇ ਹਨ।

7. ਸਮਾਜਿਕ ਰਿਸ਼ਤਿਆਂ 'ਚ ਵਾਧਾ: ਜਦੋ ਸੰਮਿਲਨ ਸਿੱਖਿਆ 'ਚ ਬੱਚੇ ਇਕ ਦੂਸਰੇ ਨਾਲ ਮਿਲ ਕੇ ਕੰਮ ਕਰਦੇ ਹਨ, ਉਸ ਵੇਲੇ ਉਹਨਾਂ 'ਚ ਸਵੈ-ਸ਼ਕਤੀ ਆਦਿ ਭਾਵਨਾਵਾਂ ਦਾ ਜਨਮ ਹੁੰਦਾ ਅਤੇ ਇਸ ਨਾਲ ਉਹ ਸਮਾਜ 'ਚ ਸਾਰਿਆ ਨਾਲ ਗੱਲਬਾਤ ਕਰਦੇ ਹਨ ਅਤੇ ਆਪਸੀ ਭਾਈਚਾਰੇ ਨੂੰ ਮਹੱਤਤਾ ਦਿੰਦੇ ਹਨ।

### 3.6 ਸਾਰਾਂਸ਼: (Summary)

ਇਸ ਪਾਠ 'ਚ ਅਸੀ ਸੰਮਿਲਨ ਸਿੱਖਿਆ 'ਚ ਪੜਾਉਣ ਵਾਲੀਆਂ ਕਲਾਵਾਂ ਬਾਰੇ ਗੱਲਬਾਤ ਕੀਤੀ ਹੈ।ਇਨ੍ਹਾਂ ਕਲਾਵਾਂ ਨਾਲ ਸੰਮਿਲਨ ਕਲਾਸਰੂਮ ਨੂੰ ਹੋਰ ਸਹਿਯੋਗੀ ਬਣਾਉਣ 'ਚ ਕਾਮਯਾਬ ਹੁੰਦੇ ਹਾਂ। ਜਿਵੇਂ ਕਿ ਮਲਟੀਸੈਨਸਰੀ ਲਰਨਿੰਗ ਅਤੇ ਸਮਾਜਿਕ ਸਿੱਖਿਆ ਨਾਲ ਖਾਸ ਜ਼ਰੂਰਤ ਵਾਲੇ ਬੱਚਿਆ ਦੀ ਸਧਾਰਨ ਕਲਾਸਰੂਮ 'ਚ ਹੀ ਪੜਾਈ ਸੰਭਵ ਹੋ ਜਾਂਦੀ ਹੈ। ਸਾਰੀਆਂ ਕਲਾਵਾਂ ਬਾਰੇ ਪੜ ਕੇ ਸਾਨੂੰ ਇਹ ਪਤਾ ਚੱਲਦਾ ਹੈ ਕਿ ਸੰਮਿਲਨ ਕਲਾਸਰੂਮ ਦੀ ਸਿਰਜਣਾ ਲਈ ਸਹਾਇਕ ਵਾਤਾਵਰਣ ਬਣਾਉਂਣ 'ਚ ਅਦਿਆਪਕਾ ਦਾ ਬਹੁਤ ਹੀ ਅਹਿਮ ਰੋਲ ਹੈ।

**3.7 ਸੁਝਾਵੇ ਪ੍ਰਸ਼ਨ:** (Suggested questions)

1. ਸੰਮਿਲਨ ਸਿੱਖਿਆ 'ਚ ਪੜਾਉਨਣ ਦੀਆਂ ਕਲਾਵਾਂ ਬਾਰੇ **ਲਿਖੋ।**
2. ਮਲਟੀਸੈਨਸਰੀ ਲਰਨਿੰਗ ਅਤੇ ਸ਼ੋਸ਼ਲ ਲਰਨਿੰਗ ਦੀ ਉਪਪਤੀ ਬਾਰੇ ਵਿਸਥਾਰ 'ਚ **ਲਿਖੋ।**
   ਸਕਣਗੇ।ਪੜਾਉਣ ਦੀਆਂ ਕਲਾਵਾਂ ਦੇ ਵੱਖ-ਵੱਖ ਢੰਗਾਂ ਬਾਰੇ ਲਿਕ ਸਕਣਗੇ।
3. ਮਲਟੀਸੈਨਸਰੀ ਲਰਨਿੰਗ ਦੇ ਲਾਭ ਬਾਰੇ ਵਿਸਥਾਰਪੂਰਵਕ **ਵਰਣਨ ਕਰੋ।**
4. ਮੰਮਿਲਨ ਕਲਾਸਰੂਮ ਲਈ ਸਹਾਇਕ ਵਾਤਾਵਰਣ 'ਚ ਮੌਜੂਦ ਕਾਰਕਾਂ ਬਾਰੇ ਵਿਸਥਾਰ 'ਚ **ਲਿਖੋ।**

**3.8 ਸੁਝਾਉ ਸਾਮਗ੍ਰੀ** (Suggested Books)

Bucalos, A. L., & Lingo, A. S. (2005). Filling the potholes in the road to inclusion: Successful research-based strategies for intermediate and middle school students with mild disabilities. *Teaching Exceptional Children Plus*, 1(4).

Bryant, D. P. (1998). Using assistive technology adaptations to include students with learning disabilities in cooperative learning activities. Journal of Learning Disabilities, 31, 41-55.

Fuchs, D., Fuchs, L. S., & Burish, P. (2000). Peer assisted learning strategies: An evidenced-based practice to promote reading achievement. *Learning Disabilities Research and Practice, 15*(2), 85-91.

Fulk, B. M., & King, K. (2001). Classwide peer tutoring at work. *Teaching Exceptional Children, 34*, 49-53.

Gajria, M., Jitendra, A. K., Sood, S., & Sacks, G. (2007). Improving comprehension of expository text in students with LD: A research synthesis. *Journal of Learning Disabilities*, 40(3), 210-225.

Garmston, R., & Wellman, B. (2002). *The adaptive school: Developing and facilitating collaborative groups* (4th ed.). El Dorado Hills, CA: Four Hats Seminar.

Gillies. R.M., Ashman, A. F. (2000). The effects of cooperative learning on students with learning difficulties in the lower elementary school. Journal of Special Education, 34, 19-28.

Gordon, E. E. (2005). *Peer tutoring: A teacher's resource guide.* Lanham, MD: Scarecrow Education

House, J., Landis, K., & Umberson, D. (1988). Social relationships and health. *Science*, 241, 540-545.

Kagan, S., & Kagan, M. (2009). *Kagan cooperative learning*. San Clemente, CA: Kagan Publishing.

Mastropieri, M. A., & Scruggs, T. E. (2007). *The inclusive classroom: Strategies for effective instruction* (3rd ed., pp. 178-185). Upper Saddle River, NJ: Merrill/Prentice Hall.